ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੫ ਜਿਲਦ ੩੧ ੨੪-੩੦ ਦਸੰਬਰ ੨੦੨੦, ੧੦-੧੬ ਪੋਹ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 5 Volume 31, 24-30 December 2020
Yearly Subscription India 250/-, Abroad 2500/- and Life Membership India 2500/-, Abroad 25000/-

**ਸ਼ਹੀਦੀ ਵੱਡੇ ਸਾਹਿਬਜ਼ਾਦੇ : 22 ਦਸੰਬਰ, ਸ਼ਹੀਦੀ ਛੋਟੇ ਸਾਹਿਬਜ਼ਾਦੇ : 27 ਦਸੰਬਰ**

## ਸ਼ਹਾਦਤ ਚਮਕੌਰ ਤੇ ਸਰਹਿੰਦ

❖ **ਮਹਾਂ ਸਿੰਘ ਗਿਆਨੀ**

ਇਸ ਹਫਤੇ ਦੋ ਸ਼ਹੀਦੀ ਗੁਰਪੁਰਬ ਆ ਰਹੇ ਹਨ, ਵਡੇ ਸਾਹਿਬਜ਼ਾਦਿਆਂ : ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦਾ ਚਮਕੌਰ ਦੀ ਗੜ੍ਹੀ ਵਿਚ ਅਣਗਿਣਤ ਵੈਰੀ ਫੌਜਾਂ ਨਾਲ ਜੂਝਦਿਆਂ ਸ਼ਹੀਦੀਆਂ ਪਾਉਣ ਦਾ ਪਵਿਤ੍ਰ ਪੁਰਬ ਤੇ ਛੋਟੇ ਸਾਹਿਬਜ਼ਾਦਿਆਂ : ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਜੀ ਦਾ ਸਰਹਿੰਦ ਦੇ ਸੂਬੇ ਵਜ਼ੀਰ ਖਾਂ ਦੇ ਕਹਿਰ ਭਰੇ ਜ਼ੁਲਮਾਂ ਹੇਠ ਦੀਵਾਰ ਵਿਚ ਚੁਣੇ ਜਾਣ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਪਾਵਨ ਦਿਵਸ।

ਅਨੰਦਪੁਰ ਦਾ ਇਹ ਆਖਰੀ ਤੇ ਵੱਡਾ ਜੁੱਧ ਸੀ ਜਦ ਕਿ ਔਰੰਗਜ਼ੇਬ ਦੀ ਟਿਡੀ ਦਲ ਸੈਨਾ ਪਹਾੜੀਆਂ ਦੀ ਸੈਨਾ ਸਮੇਤ ਕਈ ਮਹੀਨਿਆਂ ਤੋਂ ਅਨੰਦਪੁਰ ਤੇ ਘੇਰਾ ਪਾਈ ਬੈਠੀ ਸੀ ਪਰ ਇਹ ਆਕੀ ਕਿਲ੍ਹਾ ਸਤਿਗੁਰ ਦਾ ਉਹ ਸਰ ਨਾ ਸੀ ਕਰ ਸਕੀ। ਭਾਵੇਂ ਅੰਦਰ ਅੰਨ ਦਾਣੇ ਦੀ ਤੋਟ ਆ ਚੁਕੀ ਸੀ ਪਰ ਸਤਿਗੁਰੂ ਦੇ ਦਾਈਏ ਮਹਾਨ ਉਚੇ ਸਨ ਤੇ ਓਹ ਕਿਸੇ ਤਰ੍ਹਾਂ ਦੀ ਕਾਂਪ ਖਾਣ ਦੇ ਨਹੀਂ ਸਨ। ਓਧਰ ਬਾਹਰਲੀ ਵੈਰੀ ਸੈਨਾ ਬੀ ਹੁਣ ਸਿਆਲੇ ਆ ਗਏ ਤੇ ਕਈ ਮਹੀਨੇ ਦੀ ਲੜਾਈ ਤੇ ਮੁਹਾਸਰੇ ਤੋਂ ਤੰਗ ਪੈ ਚੁਕੀ ਸੀ ਤੇ ਕਿਸੇ ਨ ਕਿਸੇ ਤਰ੍ਹਾਂ ਇਸ ਮਾਮਲੇ ਨੂੰ ਨਿਬੇੜਨਾ ਚਾਹੁੰਦੀ ਸੀ, ਸੋ ਉਹਨਾਂ ਨੇ ਇਕ ਚਾਲ ਖੇਡੀ ਤੇ ਸਹੁਵਾਂ ਸੁਗੰਦਾਂ ਕਰਕੇ ਆਪਣੇ ਦੂਤ ਗੁਰੂ ਜੀ ਹਜ਼ੂਰ ਭੇਜੇ ਤੇ ਕਹਾ ਭੇਜਿਆ ਕਿ ਆਪ ਜੇ ਕਿਲ੍ਹਾ ਖਾਲੀ ਕਰ ਜਾਓ ਤਾਂ ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ, ਪਿੱਛਾ ਨਹੀਂ ਕਰਾਂਗੇ ਤੇ ਅਨੰਦਪੁਰ ਖਾਲੀ ਦੱਸਕੇ ਅਸੀਂ ਘੇਰਾ ਛੋੜਕੇ ਵਾਪਸ ਟੁਰ ਜਾਵਾਂਗੇ। ਇਹ ਬੀ ਦੱਸੀਦਾ ਹੈ ਕਿ ਮੁਸਲਮਾਨ ਸੂਬੇਦਾਰ ਵਲੋਂ ਕੁਰਾਨ ਤੇ ਸਹੁੰ ਲਿਖ ਭੇਜੀ ਸੀ ਕਿ ਅਸੀਂ ਬਿਲਕੁਲ ਹਮਲਾ ਨਹੀਂ ਕਰਾਂਗੇ, ਜੋ ਬਚਨ ਕੀਤਾ ਹੈ ਇਸ ਤੇ ਕਾਇਮ ਰਹਾਂਗੇ। ਜ਼ਫਰਨਾਮੇ ਵਿਚ ਸਤਿਗੁਰੂ ਜੀ ਨੇ ਔਰੰਗਜ਼ੇਬ ਨੂੰ ਆਪ ਲਿਖਿਆ ਹੈ ਕਿ ਜੇ ਉਹ ਸਹੁੰ ਵਾਲਾ ਕੁਰਾਨ ਦੇਖਣਾ ਚਾਹੇਂ ਤਾਂ ਮੈਂ ਤੈਨੂੰ ਭੇਜ ਸਕਦਾ ਹਾਂ।

ਸਤਿਗੁਰੂ ਜੀ ਵੈਰੀ ਸੈਨਾ ਦੀ ਧੋਖਾ ਦੇਣ ਦੀ ਚਾਲ ਨੂੰ ਸਮਝਦੇ ਸਨ, ਪਰ ਸਿਖਾਂ ਦੇ ਤੇ ਪੂਜਨੀਕ ਮਾਤਾ ਜੀ ਦੇ ਜ਼ੋਰ ਦੇਣ ਤੇ ਕੀਮਤੀ ਵਸਤਰ ਅਗਨੀ ਦੀ ਭੇਟਾ ਕਰਕੇ ਤੇ ਸੋਨਾ ਚਾਂਦੀ ਫੌਜਾਂ ਦੇ ਖਰਚਾਂ ਦੇ ਖਜ਼ਾਨੇ ਦਰਯਾ ਸਤਲੁਜ ਕਿਨਾਰੇ ਧਰਤੀ ਸਪੁਰਦ ਕਰ ਕੇ ਇਕ ਰਾਤ ਨਿਕਲੇ ਪਰ ਵੈਰੀ ਦਲ ਸਹੁਵਾਂ ਸੁਗੰਦਾਂ ਤੋੜਕੇ ਪਿਛੇ ਪੈ ਗਿਆ ਤੇ ਸਾਰੇ ਤਾਣ ਨਾਲ ਹਮਲਾ ਕਰ ਦਿਤਾ। ਸਰਸੇ ਨਾਲੇ ਤਕ ਜੰਗ ਕਰਦੇ ਆਏ, ਪੋਹ ਦੇ ਦਿਨ, ਪਾਲੇ ਦਾ ਜ਼ੋਰ, ਉਧਰ ਸਰਸਾ ਨਾਲਾ ਚੜ੍ਹਿਆ ਹੋਇਆ, ਬੜੇ ਔਖਾਂ ਨਾਲ ਪਾਰ ਕੀਤਾ। ਹਫੜਾ ਤਫੜੀ ਚੋਖੀ ਪੈ ਗਈ, ਕੋਈ ਕਿਸੇ ਪਾਸੇ ਤੇ ਕੋਈ ਕਿਸੇ ਪਾਸੇ ਨਿਖੜ ਗਿਆ। ਸਤਿਗੁਰੂ ਜੀ ਤਾਂ ਵਡੇ ਸਾਹਿਬਜ਼ਾਦਿਆਂ ਅਤੇ 40 ਕੁ ਸਿੰਘਾਂ ਸਮੇਤ ਚਮਕੌਰ ਦੀ ਗੜ੍ਹੀ ਵਿਚ ਜਾ ਡਟੇ; ਦੋਨੋਂ ਮਾਤਾ ਸਾਹਿਬਾਂ ਰੋਪੜ ਵਿਚ ਕਿਸੇ ਸਿਖ ਦੇ ਘਰ ਪੁਜ ਗਈਆਂ; ਬਿਰਧ ਮਾਤਾ ਗੁਜਰੀ ਜੀ ਤੇ ਦੋਨੋਂ ਛੋਟੇ ਸਾਹਿਬਜ਼ਾਦੇ ਘਰ ਦਾ ਨੌਕਰ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ।

ਪਿਛੇ ਆਉਂਦੇ ਵੈਰੀ ਦਲ ਨੇ ਸਤਿਗੁਰੂ ਜੀ ਦਾ ਪਿਛਾ ਬੜੀ ਤੇਜ਼ੀ ਨਾਲ ਕੀਤਾ ਤੇ ਚਮਕੌਰ ਦੀ ਗੜ੍ਹੀ ਜਾ ਘੇਰੀ। ਜੁੱਧ ਸ਼ੁਰੂ ਹੋ ਗਿਆ। ਗੜ੍ਹੀ ਵਿਚੋਂ ਤੀਰਾਂ ਗੋਲੀਆਂ ਦੀ ਉਹ ਵਰਖਾ ਹੋਈ ਕਿ ਵੈਰੀ ਦੀ ਟਿਡੀ ਦਲ ਸੈਨਾ ਦੇ ਸਥਾਰ ਲਾਹ ਦਿਤੇ, ਪਰ ਆਖਰ ਜੰਗੀ ਸਾਮਾਨ ਨਾਲ ਬਹੁਤ ਨਹੀਂ ਸੀ, ਜੋ ਜਦ ਮੁੱਕਣ ਲਗਾ ਤਾਂ ਸੂਰਮਿਆਂ ਨੇ ਕ੍ਰਿਪਾਨਾਂ ਧੂਹ ਲਈਆਂ ਤੇ ਚਾਰ ਚਾਰ ਪੰਜ ਪੰਜ ਗੜ੍ਹੀ ਵਿਚੋਂ ਨਿਕਲ ਕੇ ਜੂਝਣ ਲਗ ਪਏ। ਓਹ ਬੀਰ ਬਾਂਕਰੇ ਆਪਣੇ ਤੋਂ ਕਈ ਗੁਣਾ ਵਧੀਕ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਕੇ ਸ਼ਹੀਦੀਆਂ ਪਾਉਂਦੇ ਰਹੇ। ਇਸੇ ਬੀਰ ਰਸੀ ਦ੍ਰਿਸ਼ ਨੂੰ ਤੱਕ ਕੇ ਸਤਿਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ ਸਤਿਗੁਰੂ ਜੀ ਅਗੇ ਹੱਥ ਜੋੜ ਖੜੋਤੇ : ਪਿਤਾ ਜੀਓ! ਆਗਜਾ ਬਖਸ਼ੋ ਕਿ ਮੈਂ ਬੀ ਨਿਮਕ ਹਰਾਮਾਂ ਨੂੰ ਧਰਮ ਹਾਰਨ ਦਾ ਦੰਡ ਦੇ ਕੇ ਸ਼ਹੀਦੀ ਦਾ ਜਾਮ ਪੀਵਾਂ।

### ਅੰਦਰ


- ਸ਼੍ਰੋਮਣੀ ਅਕਾਲੀ ਦਲ : ਸ਼ਾਨਮੱਤੀ ਵਿਰਾਸਤ ਤੇ ਧੁੰਦਲਾ ਭਵਿੱਖ 3
- ਸੰਤ ਬਿਮਲਾ ਸਿੰਘ : ਗੁਰੂ ਨਾਨਕ ਦੇਵ ਜੀ ਦੀ ਤਾਲੀਮ 6
- The Four *Sahibzadas* of the Master 7
- ਪੁਸਤਕ ਪੜਚੋਲ : ਧਰਮ ਦੀ ਚਾਦਰ 9
- ਚਾਦਰ ਹਿੰਦ ਦੀ... 10
- ਸ਼ਬਦ ਵਿਆਖਿਆ 11
- ਰਿਪੋਰਟ : ਨਾਵਲ 'ਸੋਫੀਆ' ਦੇ ਉਪਰ ਹੋਈ ਚਰਚਾ 12

ਸਤਿਗੁਰੂ ਨੇ ਪਿਆਰੇ ਜਿਗਰ ਦੇ ਟੋਟੇ ਨੂੰ ਜੱਫੀ ਵਿਚ ਲਿਆ, ਪਿਆਰ ਕੀਤਾ, ਸ਼ਾਬਾਸ਼ ਕਹੀ ਤੇ ਥਾਪੀ ਦੇ ਕੇ ਸ਼ਸਤ੍ਰਾਂ ਬਸਤ੍ਰਾਂ ਨਾਲ ਸਨੱਧ ਬੱਧ ਕਰ ਦਿਤਾ ਅਤੇ ਅਸੀਸਾਂ ਦੇ ਕੇ ਤੇ ਪੰਜ ਹੋਰ ਸਿੰਘ ਸਾਥੀ ਕਰਕੇ ਆਪਣੀ ਹੱਥੀਂ ਗੜ੍ਹੀ ਤੋਂ ਬਾਹਰ ਜੰਗ ਮੈਦਾਨ ਨੂੰ ਟੋਰ ਦਿਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਰਣ ਦੇ ਮੈਦਾਨ ਵਿਚ ਬਹਾਦਰੀ ਦੇ ਉਹ ਜੌਹਰ ਦਿਖਾਏ ਕਿ ਵੈਰੀ ਦੇ ਸੂਰਮੇ ਬੀ ਹੈਰਾਨ ਰਹਿ ਗਏ। ਆਖਰ ਅਨੇਕਾਂ ਨੂੰ ਰਣਖੇਤ ਵਿਚ ਸਥਾਰ ਕਰਦੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਪਣੇ ਸਾਥੀਆਂ ਸਮੇਤ ਸ਼ਹੀਦੀਆਂ ਪ੍ਰਾਪਤ ਕਰਕੇ ਸਚਖੰਡ ਨੂੰ ਚੜ੍ਹਾਈ ਕਰ ਗਏ।

ਇਹ ਧਰਮ ਬਹਾਦਰੀ ਦਾ ਕੌਤਕ ਵੇਖਕੇ ਉਨ੍ਹਾਂ ਤੋਂ ਛੋਟੇ ਸਾਹਿਬਜ਼ ਾਦੇ ਸਾਹਿਬ ਜੁਝਾਰ ਸਿੰਘ ਜੀ ਬੀ ਸਤਿਗੁਰ ਪਿਤਾ ਤੋਂ ਆਪਣੇ ਵਡੇ ਵੀਰੇ ਵਾਂਗ ਸ਼ਹੀਦੀ ਦਾ ਅਮਰ ਫਲ ਚੱਖਣ ਲਈ ਆਗਜਾ ਪ੍ਰਾਪਤ ਕਰਕੇ ਤਿਆਰ ਬਰ ਤਿਆਰ ਹੋ ਗਏ। ਦੈਵੀ ਬਾਬਲ ਨੇ ਆਪਣੇ ਲਾਡਲੇ ਨੂੰ ਸ਼ਹੀਦੀ ਲਾੜੀ ਨੂੰ ਵਿਆਹੁਣ ਹਿਤ ਦੂਲੇ ਵਾਂਗ ਸਜਾ ਕੇ ਪੰਜਾਂ ਬੀਰ ਬਾਂਕਰੇ ਸੂਰਮਿਆਂ ਦੀ ਜੰਞ ਦੇ ਨਾਲ ਵਿਦਾ ਕਰ ਦਿਤਾ। ਧਰਮ ਹਾਰਨ ਵਾਲਿਆਂ ਦੀ ਜ਼ੁਲਮ ਦੀ ਤੇਗ਼ ਨੂੰ ਖੁੰਢਾ ਕਰਨ ਲਈ ਸਤਿਗੁਰ ਦੇ ਮਾਸੂਮ ਲਾਡਲੇ ਜੰਗ ਦੇ ਮੈਦਾਨ ਵਿਚ ਕੁੱਦ ਪਏ। ਬਹਾਦਰਾਂ ਦੇ ਸਿਰਤਾਜ ਕਲਗੀਧਰ ਪਾਤਸ਼ਾਹ ਦੇ ਇਸ ਲਾਡਲੇ ਨੇ ਵੀ ਬਹਾਦਰੀ ਦੇ ਓਹ ਕੌਤਕ ਦਿਖਾਏ ਕਿ ਵੈਰੀ ਉਂਗਲਾਂ ਟੁਕਦੇ ਰਹਿ ਗਏ। ਆਖਰ ਓਹ ਬੀ ਤਾਂ ਸ਼ਹੀਦੀਆਂ ਪਾਉਣ ਗਏ ਸਨ ਸੋ ਆਪਦੀ ਪੂਰੀ ਪੂਰੀ ਡਿਊਟੀ ਬਜਾਕੇ ਸੱਚੇ ਘਮਸਾਣ ਵਿਚ ਜੂਝ ਗਏ।

ਬੇ-ਸ਼ੁਮਾਰਾਂ ਨਾਲ ਚਾਲ੍ਹੀਆਂ ਦਾ ਜੁੱਧ ਕਰਨਾ ਤੇ ਹਾਰ ਨਾ ਮੰਨਣੀ ਇਹ ਅਜ ਇਕ ਸਬਕ ਪੱਕਾ ਕਰਾਇਆ ਸ੍ਰੀ ਗੁਰੂ ਜੀ ਨੇ ਜੋ ਪੰਥ ਵਿਚ ਕਾਇਮ ਹੈ ਉਹ ਹੈ Invincibility ਅਰਥਾਤ ਝੂਠ ਦੀ ਬਹੁਤੀ ਜਮੀਅਤ ਅਗੇ ਅਝੁਕ ਰਹਿਣਾ ਤੇ ਸੱਚ ਤੇ ਖੜੇ ਰਹਿਕੇ ਜਿੱਤਣਾ ਯਾ ਮਰਨਾ।

ਇਹ ਜੁੱਧ ਸਾਰਾ ਦਿਨ ਇਸੇ ਤਰ੍ਹਾਂ ਹੁੰਦਾ ਰਿਹਾ, ਸ਼ਾਮ ਹੋ ਗਈ, ਰਾਤ ਪੈ ਗਈ, ਜੰਗ ਬੰਦ ਹੋ ਗਿਆ। ਸਤਿਗੁਰੂ ਜੀ ਖਾਲਸੇ ਨੂੰ, ਪੰਥ ਨੂੰ, ਗੁਰਤਾ ਅਰਪਣ ਲਈ ਤਿਆਰ ਹੋਏ ਤੇ ਆਪਣੇ ਸਾਜੇ ਆਦਰਸ਼ ਦੇ ਗੁਣਾਂ ਨੂੰ ਖਾਲਸੇ ਵਿਚ ਪੂਰਨ ਰੂਪ ਵਿਚ ਭਰੇ ਗਏ ਤੱਕਕੇ ਸਦਾ ਲਈ ਖਾਲਸੇ ਨੂੰ ਅਮਰ ਕਰਨਾ ਚਾਹਿਆ ਤੇ ਪੰਜ ਪਿਆਰੇ ਪੰਥ ਰੂਪ ਵਿਚ ਸਾਮ੍ਹਣੇ ਤੱਕਕੇ ਕਿਹਾ :-

**ਪੰਚਹੁੰ ਮੈਂ ਨਿਤ ਵਰਤਤ ਮੈਂ ਹੌਂ, ਪੰਚ ਮਿਲਹਿੰ ਸੇ ਪੀਰਨ ਪੀਰ।**
**ਗੁਰ ਘਰ ਕੀ ਮਿਰਜਾਦਾ ਪੰਚਹੂੰ, ਪੰਚਹੁੰ ਪਾਹੁਲ ਪੂਰਬ ਪੀਨ।**
**ਹੁਇ ਤਨਖਾਹੀਆ ਬਖਸ਼ਹਿੰ ਪੰਚਹੁੰ, ਪਾਹੁਲ ਦੇਂ ਮਿਲ ਪੰਚ ਪ੍ਰਬੀਨ।**
**ਲਖਹੁ ਪੰਚ ਕੀ ਬਡ ਬਡਿਆਈ, ਪੰਚ ਕਰਹਿੰ ਸੋ ਨਿਫਲ ਨ ਚੀਨ।**
**ਭੋਜਨ ਛਾਦਨ ਪੰਚਨ ਅਰਪਹਿੰ, ਅਰਜ਼ ਕਰਹਿੰ ਤਿਨ ਬਾਂਛਤ ਲੀਨ।**

ਪੰਥ ਰੂਪ ਵਿਚ ਪੰਜਾਂ ਨੂੰ ਗੁਰਤਾ ਬਖਸ਼ਕੇ ਸਤਿਗੁਰਾਂ ਨੇ ਅਗਲੇ ਦਿਨ ਮਹਾਨ ਰਣ ਮੰਡਣ ਦਾ ਤੇ ਆਪ ਜੂਝਣ ਦਾ ਮਸ਼ਵਰਾ ਕੀਤਾ, ਪਰ ਸਿੰਘਾਂ ਨੇ ਆਪ ਜੀ ਦੇ ਜੰਗ ਵਿਚ ਜੂਝਣ ਨੂੰ ਪ੍ਰਵਾਨ ਨਾ ਕੀਤਾ ਤੇ ਸਤਿਗੁਰ ਤੋਂ ਪ੍ਰਾਪਤ ਕੀਤੀ ਗੁਰਤਾ ਦੀ ਸ਼ਕਤੀ ਦੇ ਲਾਡਮਈ ਮਾਣ ਵਿਚ ਆ ਕੇ ਹੱਥ ਜੋੜਕੇ ਬੇਨਤੀ ਕੀਤੀ ਕਿ ਆਪ ਇਥੋਂ ਸਹੀ ਸਲਾਮਤ ਵਿਦਾ ਹੋ ਜਾਓ, ਆਪ ਕਾਇਮ ਹੋ ਤਾਂ ਲੱਖਾਂ ਹੋਰ ਹੋ ਜਾਣਗੇ ਤੇ ਜ਼ੁਲਮ ਦੇ ਨਾਸ਼ ਲਈ ਆਪ ਹੋਰ ਯਤਨ ਕਰ ਸਕੋਗੇ, ਇਥੇ ਅਸੀਂ ਸ਼ਹੀਦੀਆਂ ਪਾਵਾਂਗੇ। ਆਪਣੇ ਪਿਆਰੇ ਤੇ ਸਨਮਾਨੇ ਖਾਲਸੇ ਦਾ ਅਰਦਾਸਮਈ ਹੁਕਮ ਮੰਨਕੇ ਆਪ ਉਸ ਰਾਤ ਤਿੰਨਾ ਸਿੰਘਾਂ ਸਮੇਤ ਨਿਕਲੇ ਤੇ ਨਿਕਲੇ ਬੀ ਇਹ ਅਵਾਜ਼ਾ ਦੇ ਕੇ 'ਹਿੰਦੂਆਂ ਦਾ ਪੀਰ ਨਿਕਲ ਚਲਿਆ ਜੇ, ਜੇ ਤੁਹਾਡੇ ਵਿਚ ਬਲ ਹੈ ਤਾਂ ਆਓ ਘੇਰ ਲਓ।' ਤਿੰਨ ਵਾਰ ਇਉਂ ਕਹਿਕੇ ਵੈਰੀ ਦਲ ਵਿਚ ਅਫੜਾ ਤਫੜੀ ਪਾ ਦਿਤੀ ਤੇ ਕ੍ਰਿਪਾਨਾਂ ਵਾਹੁੰਦੇ ਇਕ ਰੁਖ ਨੂੰ ਨਿਕਲ ਗਏ ਅਤੇ ਦਿਨ ਚੜ੍ਹਦੇ ਤੱਕ ਮਾਛੀਵਾੜੇ ਜਾ ਪਹੁੰਚੇ।

ਇਧਰ ਇਹ ਭਾਣਾ ਵਰਤਿਆ ਤੇ ਉਧਰ ਪੂਜਨੀਕ ਸਤਿਗੁਰੂ ਜੀ ਦੇ ਬਿਰਧ ਮਾਤਾ ਜੀ ਛੋਟੇ ਸਾਹਿਬਜ਼ਾਦਿਆਂ ਸਮੇਤ ਨੂੰ, ਨਿਮਕ ਹਰਾਮ ਨੌਕਰ ਗੰਗੂ ਨੇ ਤੁਰਕ ਹਾਕਮਾਂ ਪਾਸ ਸੂੰਹ ਦੇ ਕੇ ਫੜਾ ਦਿਤਾ ਤੇ ਓਹ ਬੰਦ ਗੱਡੀ ਵਿਚ ਸਰਹਿੰਦ ਪੁਚਾਏ ਗਏ ਤੇ ਓਥੇ ਬੁਰਜ ਵਿਚ ਕੈਦ ਕਰ ਦਿਤੇ ਗਏ।

ਨਵਾਬ ਸਰਹਿੰਦ ਦੀ ਕਚਹਿਰੀ ਵਿਚ ਸਾਹਿਬਜ਼ਾਦੇ ਪੇਸ਼ ਕੀਤੇ ਗਏ ਤੇ ਨਵਾਬ ਵਲੋਂ ਲਾਲਚ, ਡਰਾਵੇ ਤੇ ਹਰ ਹੀਲੇ ਨਾਲ ਪ੍ਰੇਰਨ ਦਾ ਜਤਨ ਕੀਤਾ ਗਿਆ ਕਿ ਓਹ ਕਿਸੇ ਤਰਾਂ ਆਪਣਾ ਧਰਮ ਤਿਆਗਕੇ ਤੁਰਕ ਹੋ ਜਾਣ, ਪਰ ਕਲਗੀਧਰ ਦੇ ਦੁਲਾਰੇ ਹੀਰਿਆਂ ਨੇ ਉਨ੍ਹਾਂ ਦੀ ਹਰ ਨੀਵੀਂ ਗੱਲ ਨੂੰ ਘ੍ਰਿਣਾ ਦੀ ਨਜ਼ਰ ਨਾਲ ਠੁਕਰਾ ਦਿਤਾ ਤੇ ਬੜੀ ਦਲੇਰੀ ਨਾਲ ਆਪਣੇ ਧਰਮ ਦੀ ਦ੍ਰਿੜਤਾ ਦੇ ਜਵਾਬ ਦਿੱਤੇ। ਇਤਿਹਾਸਾਂ ਨੇ ਇਨ੍ਹਾਂ ਹਾਲਾਤ ਨੂੰ ਬੜੇ ਦਰਦ ਭਰੇ ਪੈਰਾਏ ਵਿਚ ਲਿਖਿਆ ਹੈ।

ਆਖਰ ਦੋਹਾਂ ਵੱਡੇ ਵੀਰਾਂ ਦੇ ਚਮਕੌਰ ਰਣਛੇਤ੍ਰ ਵਿਚ ਸ਼ਹੀਦੀਆਂ ਪਾਉਣ ਵਾਲੇ ਦਿਨ ਤੋਂ ਪੰਜਵੇਂ ਦਿਨ ਬਾਅਦ ਇਨ੍ਹਾਂ ਦੋ ਛੋਟੇ ਮਾਸੂਮ ਸਾਹਿਬਜ਼ਾਦਿਆਂ ਲਈ ਕਾਜ਼ੀਆਂ ਦੀ ਸਲਾਹ ਨਾਲ ਨਵਾਬ ਸਰਹਿੰਦ ਨੇ ਆਪਣਾ ਜ਼ੁਲਮੀ ਹੁਕਮ ਦੀਵਾਰਾਂ ਵਿਚ ਜੀਉਂਦੇ ਚਿਣੇ ਜਾਣ ਦਾ ਦੇ ਦਿਤਾ। ਹੁਕਮ ਦੀ ਤਾਮੀਲ ਹੋ ਗਈ, ਦੋਵੇਂ ਸਤਿਗੁਰ ਦੇ ਲਾਡਲੇ ਦੀਵਾਰ ਵਿਚ ਉਸ ਟਿਕਾਣੇ, ਜਿਥੇ ਅਜ ਕਲ ਗੁਰਧਾਮ 'ਫਤਹਗੜ੍ਹ ਸਾਹਿਬ' ਦਰਸ਼ਨ ਦੇ ਰਿਹਾ ਹੈ, ਚਿਣੇ ਗਏ, ਤੇ ਜਦ ਦੀਵਾਰ ਗਲ ਗਲ ਤਕ ਅੱਪੜੀ ਤਾਂ ਦੱਸਿਆ ਜਾਂਦਾ ਹੈ ਕਿ ਤਲਵਾਰ ਨਾਲ ਪਵਿਤ੍ਰ ਸੀਸ ਤਨ ਤੋਂ ਜੁਦਾ ਕਰ ਦਿਤੇ ਗਏ। ਸ਼ੋਕ!

**ਹਾਹਾਕਾਰ ਜਹਾਂ ਕਹਿੰ ਭਯੋ। ਜੈ ਜੈ ਸ਼ਬਦ ਸੁਰਨ ਮਹਿ ਥਿਯੋ।**
**ਧੰਨ ਗੁਰੂ ਸੁਤ ਧੀਰਜ ਧਾਰੀ। ਧਰਮ ਹੇਤ ਸਿਰ ਦਿਯੋ ਉਤਾਰੀ।**
**ਅਲਪ ਆਰਬਲ ਪਕਰੇ ਹੋਏ। ਦ੍ਰਿੜਤਾ ਅਪਰ ਕਰਹਿ ਕਿਮ ਕੋਏ?**
**ਤੁਰਕਨ ਜਰਾਂ ਬਿਨਾਸੀ ਕਰਕੇ। ਗਏ ਗੁਰੂ ਪੁਰਿ ਆਨੰਦ ਧਰਿਕੇ।**
**ਕਰੇ ਕਲੰਕਤ ਰਿਪੁ ਕੁਲ ਸਾਰੇ। ਰਾਜ ਤੇਜ ਕੋ ਛੀਨਸ ਸਾਰੇ।** (ਸੂ. ਪ੍ਰ.)

ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਸ਼ਾਹ ਜੀ ਨੇ ਜੋ ਧਰਮ ਦੀ ਖਾਤਰ ਸੀਸ ਵਾਰਨ ਦੀ ਪਹਿਲ ਕੀਤੀ ਤੇ ਫਿਰ ਉਨ੍ਹਾਂ ਦੇ ਸੁਪੋਤ੍ਰੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦੂਸਰੀ ਮਹਾਨ ਸ਼ਹੀਦੀ ਦੇ ਕੇ ਧਰਮ ਦੀ ਰਖਜਾ ਕੀਤੀ। ਉਨ੍ਹਾ ਲੀਹਾਂ ਤੇ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਾਰੋਂ ਸੁਪੋਤ੍ਰਿਆਂ ਨੇ ਛੋਟੀ ਅਵਸਥਾ ਵਿਚ ਹੁੰਦਿਆਂ ਸ਼ਹੀਦੀ ਦੇ ਜਾਮ ਪੀ ਕੇ ਇਸ ਕੌਮ ਵਿਚ ਉਹ ਜਾਨ ਭਰ ਦਿਤੀ ਕਿ ਉਹ ਅੰਤ ਅਨਜਾਇ, ਜ਼ੁਲਮ ਤੇ ਧਰਮ ਦੀ ਹਾਨੀ ਕਰਨ ਵਾਲੀ ਸ਼ਕਤੀ ਦੀ ਜੜ੍ਹ ਪੁਟਕੇ ਰਹੀ। ਸਿਖ ਕੌਮ ਲਈ ਇਹ ਪਾਵਨ ਸ਼ਹੀਦੀਆਂ ਓਹ ਮਹਾਨ ਪ੍ਰਕਾਸ਼ਮਈ ਚਾਨਣ ਮੁਨਾਰੇ ਹਨ ਜੋ ਰਹਿੰਦੀ ਦੁਨੀਆਂ ਤੋੜੀ ਕੌਮ ਨੂੰ ਧਰਮ, ਦ੍ਰਿੜਤਾ ਤੇ ਜ਼ੁਲਮ ਅਗੇ ਕਾਂਪ ਨਾ ਖਾਣ ਦੀ ਰੌਸ਼ਨੀ ਸਦਾ ਦਿੰਦੇ ਰਹਿਣਗੇ। ਉਹ ਰੌਸ਼ਨੀ ਜਿਸ ਤੋਂ ਰਾਹਨੁਮਾਈ ਲੈਂਦਾ ਕੌਮ ਦਾ ਜਹਾਜ਼ ਕਦੀ ਜ਼ੁਲਮ, ਅਨਜਾਇ ਤੇ ਅਧਰਮ ਦੀਆਂ ਚਟਾਨਾਂ ਨਾਲ ਟਕਰਾ ਕੇ ਪਾਸ਼ ਪਾਸ਼ ਨਹੀਂ ਹੋ ਸਕੇਗਾ, ਸਗੋਂ ਸੱਚ ਦੀ ਸੇਧੇ ਜਗਤ ਸਾਗਰ ਵਿਚ ਤੈਰਦਾ ਆਪਣੀ ਸਲਾਮਤੀ ਤੇ ਸ਼੍ਰੋਮਣਤਾ ਦਾ ਝੰਡਾ ਸਦਾ ਬੁਲੰਦ ਰਖੇਗਾ। ਹਾਂ, ਸਦਾ ਰਹਿਣ ਇਹ ਪ੍ਰਕਾਸ਼ਮਈ ਪਵਿਤ੍ਰ ਪੁਰਬ ਸਾਡੀਆਂ ਨਜ਼ਰਾਂ ਨੂੰ ਧਰਮ ਦ੍ਰਿੜਤਾ ਦਾ ਚਾਨਣ ਬਖਸ਼ਦੇ ਤੇ ਅਮਰਤਾ ਵਿਚ ਜਗਾਉਂਦੇ।

**-ਖਾਲਸਾ ਸਮਾਚਾਰ, 22 ਦਸੰਬਰ, 1955**

✧ ✧ ✧ ✧ ✧

# ਸ਼੍ਰੋਮਣੀ ਅਕਾਲੀ ਦਲ: ਸ਼ਾਨਾਮੱਤੀ ਵਿਰਾਸਤ ਤੇ ਧੁੰਦਲਾ ਭਵਿੱਖ

❖ ਡਾ. ਮਹਿੰਦਰ ਸਿੰਘ*

ਭਾਰਤ ਸਰਕਾਰ ਵੱਲੋਂ ਕਿਸਾਨੀ ਨਾਲ ਸੰਬੰਧਿਤ ਪਾਸ ਕੀਤੇ ਗਏ ਬਿਲਾਂ ਵਿਰੁੱਧ ਪੰਜਾਬ ਦਾ ਵਿਸ਼ਾਲ ਪੇਂਡੂ ਜਨ-ਸਮੂਹ ਆਪਣੇ ਘਰਾਂ ਅਤੇ ਖੇਤਾਂ ਨੂੰ ਛੱਡ ਸੜਕਾਂ ਅਤੇ ਰੇਲ ਲਾਈਨਾਂ ਉਪਰ ਆ ਬੈਠਾ ਹੈ। ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਅਥਾਹ ਗਿਣਤੀ ਨੇ ਦਿੱਲੀ ਦੀ ਸੀਮਾ ਉਪਰ, ਰਾਜ-ਮਾਰਗ ਉੱਤੇ ਸ਼ਾਂਤਮਈ ਧਰਨਾ ਦੇਂਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਪੁਰਬ ਦਾ 551ਵਾਂ ਸਾਲ ਮਨਾਇਆ ਹੈ। ਸਿੱਖ ਕਿਸਾਨੀ ਦਾ ਇਹ ਉਭਾਰ ਸਾਨੂੰ ਪੰਜਾਬ ਵਿਚ ਬਰਤਾਨਵੀ ਰਾਜ ਦੌਰਾਨ 1907 ਈ. ਦੇ ਖੇਤੀ ਦੀ ਮਾਲਕੀ ਬਾਰੇ ਅਬਾਦਕਾਰਾਂ ਨਾਲ ਕੀਤੇ ਗਏ ਸਮਝੌਤਿਆਂ ਵਿਚ ਤਬਦੀਲੀ ਲਈ ਪਾਸ ਕੀਤੇ ਗਏ ਬਿਲ ਕਾਰਨ ਉਪਜੀ ਬੇਚੈਨੀ ਦੀ ਯਾਦ ਦਵਾਉਂਦਾ ਹੈ। ਕਿਸ ਤਰ੍ਹਾਂ **ਝੰਗ ਸਿਆਲ** ਪਰਚੇ ਦੇ ਸੰਪਾਦਕ ਲਾਲਾ ਬਾਂਕੇ ਦਿਆਲ ਦੇ ਗੀਤ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓ, ਲੁੱਟ ਲਿਆ ਮਾਲ ਤੇਰਾ ਲੁਟ ਲਿਆ ਮਾਲ ਓ' ਨੇ ਪੰਜਾਬ ਦੇ ਕਿਸਾਨਾਂ ਨੂੰ ਉਹਨਾਂ ਦੀ ਦਰਦਨਾਕ ਆਰਥਿਕ ਹਾਲਤ ਅਤੇ ਬਰਤਾਨੀਆ ਸਰਕਾਰ ਦੇ ਹਮਾਇਤੀ ਵੱਡੇ ਜ਼ਿੰਮੀਦਾਰਾਂ ਦੀ ਲੁੱਟ-ਖਸੁੱਟ ਦਾ ਚੇਤਾ ਕਰਵਾਇਆ ਅਤੇ 1920 ਈ. ਵਿਚ ਬਰਤਾਨਵੀ ਸਰਕਾਰ ਦੀਆਂ ਬੇਇਨਸਾਫ਼ੀਆਂ ਦੇ ਖ਼ਿਲਾਫ਼ ਜਥੇਬੰਦ ਕੀਤਾ ਜਿਹੜਾ ਗੁਰਦੁਆਰਾ ਸੁਧਾਰ ਲਈ ਅਕਾਲੀ ਲਹਿਰ ਦੇ ਗੌਰਵਮਈ ਇਤਿਹਾਸ ਦੀ ਯਾਦ ਵੀ ਦਵਾਉਂਦਾ ਹੈ। ਜਦੋਂ ਕਿਸਾਨ ਰਾਜ-ਮਾਰਗ ਉਪਰ ਸ਼ਾਂਤਮਈ ਵਿਰੋਧ ਕਰ ਰਹੇ ਸਨ ਤਾਂ ਪੰਜਾ ਸਾਹਿਬ ਦੇ ਸਾਕੇ ਵੇਲੇ ਸੰਗਤ ਨੂੰ ਪ੍ਰਸ਼ਾਦਾ ਛਕਾਉਣ ਲਈ ਰੇਲ ਰੋਕਣੀ ਤੇ ਸ਼ਹੀਦੀਆਂ ਪਾਉਣੀਆਂ ਕੋਈ ਬਹੁਤੀ ਪੁਰਾਣੀ ਗੱਲ ਨਹੀਂ ਜਾਪਦੀ। ਫ਼ਰਕ ਸਿਰਫ਼ ਏਨਾ ਹੈ ਕਿ ਉਦੋਂ ਦੇ ਹਾਕਮਾਂ ਦੀ ਜ਼ਮੀਰ ਜ਼ਿੰਦਾ ਸੀ ਜਿਸ ਕਾਰਨ ਕਿਸਾਨੀ ਦੇ ਰੋਹ ਨੂੰ ਦੇਖਦਿਆਂ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਮਿੰਟੋ ਨੇ ਕਿਸਾਨੀ ਲੁੱਟ-ਖਸੁੱਟ ਵਾਲਾ ਬਿਲ ਵਾਪਸ ਲੈ ਲਿਆ ਤੇ ਅਕਾਲੀ ਲਹਿਰ ਦੌਰਾਨ 1922 ਈ. ਵਿਚ ਗੁਰਦੁਆਰਿਆਂ ਦੇ ਪ੍ਰਬੰਧ ਲਈ ਪਾਸ ਕੀਤਾ ਬਿਲ ਵਿਰੋਧ ਕਾਰਨ ਉਸ ਵੇਲੇ ਦੇ ਪੰਜਾਬ ਦੇ ਗਵਰਨਰ ਸਰ ਐਡਵਰਡ ਮੈਕਲੇਗਨ ਨੇ ਵਾਪਸ ਲੈ ਲਿਆ ਸੀ। ਸਾਡੀ ਇਹ ਤਰਾਸਦੀ ਹੈ ਕਿ ਅੱਜ ਬਹੁਮਤ ਪ੍ਰਾਪਤ ਸੱਤਾ ਦੇ ਨਸ਼ੇ 'ਚ ਚੂਰ ਸਾਡੀ ਚੁਣੀ ਹੋਈ ਸਰਕਾਰ ਦੇਸ਼ ਦੇ ਅੰਨਦਾਤਾ ਦੀ ਪੀੜ ਨੂੰ ਮਹਿਸੂਸ ਕਰਨੋਂ ਇਨਕਾਰੀ ਹੈ। ਅੱਜ ਕਿਸਾਨੀ ਦੀ ਪੀੜਾ ਸਮਝਣ ਲਈ ਇਤਿਹਾਸ ਦੇ ਉਹਨਾਂ ਪਲਾਂ ਦੀ ਯਾਦ ਪ੍ਰਸੰਗਿਕ ਹੋਵੇਗੀ ਜਿਸ ਨੇ ਅਕਾਲੀ ਲਹਿਰ ਨੂੰ ਭਾਰਤ ਦੀ ਆਜ਼ਾਦੀ ਦੀ ਵੱਡੀ ਲਹਿਰ ਨਾਲ ਜੋੜ ਦਿੱਤਾ। ਅੰਗਰੇਜ਼ੀ ਹਾਕਮਾਂ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਮਨੇਜਰ ਤੋਂ ਖੋਹਣ ਮਗਰੋਂ ਅਕਾਲੀ ਜੁਝਾਰੂਆਂ ਦੇ ਰੋਹ ਕਾਰਨ ਉਹ ਚਾਬੀਆਂ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਦੇ ਚਰਨਾਂ ਵਿਚ ਰੱਖ ਦਿੱਤੀਆਂ। ਮਹਾਤਮਾ ਗਾਂਧੀ ਨੇ ਬਾਬਾ ਖੜਕ ਸਿੰਘ ਨੂੰ ਹੇਠ ਲਿਖੀ ਤਾਰ ਭੇਜੀ:

**"ਰਾਸ਼ਟਰੀ ਸ਼ਕਤੀਆਂ ਦੀ ਪਹਿਲੀ ਫ਼ੈਸਲਾਕੁੰਨ ਫ਼ਤਹਿ ਲਈ ਵਧਾਈਆਂ।"**



**25 ਅਕਤੂਬਰ, 1922 ਨੂੰ ਅਕਾਲੀ ਜਥਾ ਗੁਰੂ ਕੇ ਬਾਗ਼ ਵਲ ਕੂਚ ਕਰਦਾ ਹੋਇਆ। (ਲੇਖਕ ਦੇ ਨਿਜੀ ਸੰਗ੍ਰਹਿ ਵਿੱਚੋਂ)**



**ਇਸਤ੍ਰੀਆਂ ਦਾ ਜਥਾ ਅਕਾਲੀ ਲਹਿਰ ਦੌਰਾਨ ਗੁਰਦੁਆਰਾ ਗੰਗਸਰ ਜੈਤੋ ਵਲ ਕੂਚ ਕਰਦਾ ਹੋਇਆ। (ਧੰਨਵਾਦ : ਅਮਰਜੀਤ ਚੰਦਨ)**

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਿੱਖਾਂ ਵਿਚ ਧਾਰਮਿਕ ਤੇ ਰਾਜਨੀਤਿਕ ਜਾਗ੍ਰਿਤੀ ਆਈ ਜਿਸ ਨੇ ਉਹਨਾਂ ਦੇ ਧਾਰਮਿਕ ਅਸਥਾਨਾਂ ਵਿਚ ਜੱਦੀ ਮਹੰਤਾਂ ਵੱਲੋਂ ਕੀਤੇ ਕੁਕਰਮਾਂ ਵੱਲ ਉਹਨਾਂ ਦਾ ਧਿਆਨ ਖਿੱਚਿਆ ਜਿਸ ਨੇ ਅਕਾਲੀ ਲਹਿਰ ਨੂੰ ਜਨਮ ਦਿੱਤਾ। ਅਕਾਲੀ ਲਹਿਰ ਆਪਣੇ ਮੁੱਢਲੇ ਦੌਰ ਵਿਚ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਜੱਦੀ ਕਬਜ਼ਿਆਂ ਤੋਂ ਅਜ਼ਾਦ ਕਰਨ ਲਈ ਉਭਰੇ ਮੋਰਚਿਆਂ ਦੀ ਲਹਿਰ ਸੀ। ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ, ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ਼ ਦਾ ਮੋਰਚਾ, ਜੈਤੋ ਦਾ ਮੋਰਚਾ ਤੇ ਭਾਈ ਫੇਰੂ ਦਾ ਮੋਰਚਾ ਇਸ ਲਹਿਰ ਦੇ ਕੁਝ ਮੁੱਖ ਪੜਾਅ ਸਨ। ਇਨ੍ਹਾਂ ਮੋਰਚਿਆਂ ਦੌਰਾਨ ਅਕਾਲੀਆਂ ਦੇ ਸ਼ਾਂਤਮਈ ਸਤਿਆਗ੍ਰਹਿ ਦੀ ਕਾਮਯਾਬੀ ਨੇ ਮਹਾਤਮਾ ਗਾਂਧੀ ਦੀ ਦੇਸ਼ ਵਿਆਪੀ ਨਾਮਿਲਵਰਤਨ ਲਹਿਰ ਨੂੰ ਪਛਾੜ ਦਿੱਤਾ ਸੀ।

ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲੀ ਲਹਿਰ ਨੂੰ ਇਕ ਸੰਗਠਤ ਜਥੇਬੰਦੀ ਮੁਹੱਈਆ ਕੀਤੀ, ਉੱਥੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਆਪਣੇ ਨਿਯੰਤਰਣ ਅਧੀਨ ਕੰਮ ਕਰਨ ਵਾਲੇ ਭਿੰਨ-ਭਿੰਨ ਜਥਿਆਂ ਦੇ ਰੂਪ ਵਿੱਚ ਕਾਰਕੁਨਾਂ ਦਾ ਇਕ ਨਿੱਗਰ ਆਧਾਰ ਵੀ ਪ੍ਰਦਾਨ ਕੀਤਾ ਅਤੇ ਸੁਧਾਰ ਦੀ ਅਸਲ ਜੱਦੋ-ਜਹਿਦ ਜਾਰੀ ਰੱਖਣ ਲਈ ਅਗਵਾਈ ਵੀ ਕੀਤੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਗਠਨ ਤੋਂ ਬਹੁਤ ਪਹਿਲਾਂ ਕੁਝ ਸਥਾਨਕ ਜਥੇ ਹੋਂਦ ਵਿਚ ਆ ਚੁਕੇ ਸਨ ਅਤੇ ਉਹ ਆਪੋ ਆਪਣੇ ਇਲਾਕਿਆਂ ਵਿਚ ਸੁਧਾਰ ਦਾ ਕੰਮ ਕਰੀ ਜਾ ਰਹੇ ਸਨ, ਪਰ ਉਹਨਾਂ ਵਿਚ ਇਕਜੁਟਤਾ ਤੇ ਤਾਲਮੇਲ ਪੈਦਾ ਕਰਨ ਲਈ **'ਸ਼੍ਰੋਮਣੀ ਅਕਾਲੀ ਦਲ' ਦੇ ਨਾਂ ਹੇਠ ਇਕ ਕੇਂਦਰੀ ਜਥੇਬੰਦੀ 14 ਦਸੰਬਰ 1920 ਈ. ਨੂੰ ਸਥਾਪਤ ਕੀਤੀ ਗਈ ਸੀ।** ਸ਼ੁਰੂ ਵਿੱਚ ਅਕਾਲੀ ਵਾਲੰਟੀਅਰ ਭਰਤੀ ਕਰਨ ਦੀ ਕੋਈ ਜਥੇਬੰਦਕ ਪ੍ਰਣਾਲੀ ਨਹੀਂ ਸੀ। ਉਹ ਸਾਰੇ ਸਿੱਖ ਜਿਹੜੇ ਸੁਧਾਰਕਾਂ ਦੀਆਂ ਸਫਾਂ ਵਿਚ ਸ਼ਾਮਲ ਹੋਣ ਦੇ ਇੱਛਕ ਸਨ ਅਤੇ ਅਕਾਲੀ ਉਦੇਸ਼ ਲਈ ਕੁਰਬਾਨੀਆਂ ਦੇਣ ਲਈ ਤਿਆਰ ਸਨ ਅਕਾਲੀ ਅਖਵਾਉਣ ਲੱਗੇ। ਜਿਵੇਂ ਹੀ ਸੁਧਾਰ ਦੀ ਰਫ਼ਤਾਰ ਤਿੱਖੀ ਹੋਈ ਅਤੇ ਸੰਗਰਾਮ ਨੇ ਇਕ ਨਿਸਚਿਤ ਸ਼ਕਲ ਅਖ਼ਤਿਆਰ ਕਰ ਲਈ ਤਾਂ ਉਹਨਾਂ ਦੀ ਸਥਾਨਕ ਜਥਿਆਂ ਦੀ ਥਾਂ ਕੇਂਦਰੀ ਜਥੇਬੰਦੀ ਨੇ ਲੈ ਲਈ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਵਜੋਂ ਮਾਨਤਾ ਮਿਲ ਗਈ।

ਆਜ਼ਾਦੀ ਲਹਿਰ ਸਮੇਂ ਅਕਾਲੀ ਅਤੇ ਕਾਂਗਰਸੀਆਂ ਦੀ ਨੇੜਤਾ ਤੇ ਸਿੱਖਾਂ ਦੀ ਬੇਮਿਸਾਲ ਕੁਰਬਾਨੀ ਕਾਰਨ ਉਹਨਾਂ ਨੂੰ ਕਈ ਤਰ੍ਹਾਂ ਦੇ ਭਰੋਸੇ ਦਵਾਏ। ਮਿਸਾਲ ਵਜੋਂ 1929 ਈ. ਨੂੰ ਲਾਹੌਰ ਵਿਖੇ ਰਾਵੀ ਦੇ ਕਿਨਾਰੇ ਕਾਂਗਰਸ ਦੇ ਸਾਲਾਨਾ ਸ਼ੈਸ਼ਨ ਦੌਰਾਨ ਕਾਂਗਰਸ ਨੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਆਜ਼ਾਦ ਭਾਰਤ ਵਿਚ ਕੋਈ ਐਸਾ ਸੰਵਿਧਾਨ ਨਹੀਂ ਬਣੇਗਾ ਜਿਸ 'ਤੇ ਘੱਟ ਗਿਣਤੀਆਂ, ਤੇ ਖ਼ਾਸ ਕਰ ਸਿੱਖਾਂ ਨੂੰ ਤਸੱਲੀ ਨਾ ਹੋਵੇ। ਆਜ਼ਾਦੀ ਦੇ ਸੰਘਰਸ਼ ਦੌਰਾਨ ਪੰਡਿਤ ਜਵਾਹਰਲਾਲ ਨਹਿਰੂ ਨੇ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਉਹਨਾਂ ਨੂੰ ਇਸ ਗੱਲ 'ਤੇ ਕੋਈ ਇਤਰਾਜ਼ ਨਹੀਂ ਕਿ ਆਜ਼ਾਦ ਭਾਰਤ ਵਿਚ ਇਕ ਐਸਾ ਖਿੱਤਾ ਹੋਵੇ ਜਿੱਥੇ ਸਿੱਖ ਘੱਟ ਗਿਣਤੀ ਵੀ ਆਜ਼ਾਦੀ ਦਾ ਚਾਨਣ ਮਾਣ ਸਕੇ। ਅੰਗਰੇਜ਼ ਸਰਕਾਰ ਨਾਲ ਸਮੇਂ-ਸਮੇਂ ਸਿਰ ਰਾਜ ਸੱਤਾ ਭਾਰਤੀਆਂ ਨੂੰ ਸੌਂਪਣ ਲਈ ਗੱਲ-ਬਾਤ ਲਈ ਕਾਂਗਰਸ ਆਗੂ ਮੁਸਲਮਾਨ ਅਤੇ ਸਿੱਖ ਆਗੂਆਂ ਨੂੰ ਬਰਾਬਰ ਦੀ ਧਿਰ ਮੰਨਦੇ ਸਨ। ਜਦ ਕਦੋਂ ਵੀ ਭਾਰਤ ਦੀ ਸੱਤਾ ਦੀ ਵਾਗਡੋਰ ਭਾਰਤੀਆਂ ਦੇ ਹਵਾਲੇ ਕਰਨ ਦੀ ਗੱਲ-ਬਾਤ ਚੱਲਦੀ ਤਾਂ ਅੰਗਰੇਜ਼ ਹਾਕਮ ਕਾਂਗਰਸੀਆਂ ਦੇ ਇਲਾਵਾ ਮੁਸਲਮਾਨ ਤੇ ਸਿੱਖ ਨੇਤਾਵਾਂ ਨੂੰ ਵੀ ਨਾਲ ਬੁਲਾਉਂਦੇ। ਜਦੋਂ ਕਿ ਕਾਂਗਰਸ ਵੱਲੋਂ ਉਸ ਵੇਲੇ ਦੇ ਕਾਂਗਰਸ ਪ੍ਰਧਾਨ ਮੌਲਾਨਾ ਅਬੁਲ ਕਲਾਮ ਜਾਂ ਜਵਾਹਰਲਾਲ ਨਹਿਰੂ, ਮੁਸਲਿਮ ਲੀਗ ਵੱਲੋਂ ਮੁਹੰਮਦ ਅਲੀ ਜਿਨਾਹ ਸ਼ਾਮਲ ਹੁੰਦੇ ਤਾਂ ਸਿੱਖਾਂ



**ਅੰਗ੍ਰੇਜ਼ੀ ਸਰਕਾਰ ਵੱਲੋਂ ਭਾਰਤੀਆਂ ਨੂੰ ਸੱਤਾ ਸੌਂਪਣ ਲਈ ਸ਼ਿਮਲੇ ਵਿਚ ਬੁਲਾਈ ਕਾਨਫ਼ਰੰਸ ਦੌਰਾਨ ਮਾਸਟਰ ਤਾਰਾ ਸਿੰਘ ਸਿੱਖਾਂ ਦੀ ਨੁਮਾਇੰਦਗੀ ਕਰਨ ਲਈ ਸ਼ਿਮਲੇ ਵਾਈਸ ਰੀਗਲ ਲਾਜ, ਸ਼ਿਮਲਾ ਦੇ ਬਾਹਰ। ਨਾਲ ਹਨ ਕਾਂਗਰਸ ਦੇ ਪ੍ਰਧਾਨ ਮੌਲਾਨਾ ਅਬੁਲ ਕਲਾਮ ਆਜ਼ਾਦ, ਸ੍ਰੀ ਸੀ. ਰਾਜਗੋਪਾਲਾਚਾਰੀ (ਆਜ਼ਾਦ ਭਾਰਤ ਦੇ ਪਹਿਲੇ ਹਿੰਦੁਸਤਾਨੀ ਗਵਰਨਰ ਜਨਰਲ)। ਮਾਸਟਰ ਜੀ ਦੀ ਪਿੱਠ ਨਾਲ ਪਿੱਠ ਲਗਾਈ ਦਿਸ ਰਹੇ ਹਨ ਮੁਹੰਮਦ ਅਲੀ ਜਿਨਾਹ। (ਧੰਨਵਾਦ : ਪੀ.ਆਈ.ਬੀ., ਭਾਰਤ ਸਰਕਾਰ)**

ਦੀ ਨੁਮਾਇੰਦਗੀ ਮਾਸਟਰ ਤਾਰਾ ਸਿੰਘ ਕਰਦੇ। ਆਜ਼ਾਦੀ ਤੋਂ ਬਾਅਦ ਸਿਰਦਾਰ ਕਪੂਰ ਸਿੰਘ ਤੇ ਕੁਝ ਹੋਰ ਸਿੱਖ ਵਿਦਵਾਨਾਂ ਨੇ ਅਕਸਰ ਮਾਸਟਰ ਤਾਰਾ ਸਿੰਘ ਦੀ ਅਗਵਾਈ 'ਤੇ ਕਿੰਤੂ ਕਰਦਿਆਂ ਇਹ ਪ੍ਰਚਾਰ ਕੀਤਾ ਕਿ ਅੰਗਰੇਜ਼ ਭਾਰਤ ਛੱਡਣ ਸਮੇਂ ਸਿੱਖਾਂ ਨੂੰ ਤੀਜੀ ਧਿਰ ਵਜੋਂ ਇਕ ਆਜ਼ਾਦ ਖਿੱਤਾ ਦੇਣ ਲਈ ਤਿਆਰ ਸਨ ਪਰ ਸਿੱਖ ਨੇਤਾਵਾਂ ਦੀ ਦੂਰਅੰਦੇਸ਼ੀ ਦੀ ਘਾਟ ਕਾਰਨ ਇਹ ਸੁਪਨਾ ਪੂਰਾ ਨਹੀਂ ਹੋ ਸਕਿਆ। ਭਾਵੇਂ ਇਸ ਮੁੱਦੇ 'ਤੇ ਇੱਥੇ ਵੇਰਵੇ ਸਹਿਤ ਲਿਖਣਾ ਸੰਭਵ ਨਹੀਂ ਪਰ ਮੈਂ ਅਕਾਲੀ ਲਹਿਰ 'ਤੇ ਆਪਣੀ ਖੋਜ ਦੌਰਾਨ ਇਸ ਬਾਰੇ ਘੋਖਵੀਂ ਪੜਚੋਲ ਕੀਤੀ ਹੈ। ਭਾਵੇਂ ਇਹ ਗੱਲ ਠੀਕ ਹੈ ਕਿ ਅੰਗਰੇਜ਼ਾਂ ਦੇ ਦਿਲਾਂ ਵਿਚ ਸਿੱਖਾਂ ਵੱਲੋਂ ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿਚ ਬਰਤਾਨਵੀ ਸਰਕਾਰ ਦੀ ਭਰਪੂਰ ਮਦਦ ਕਾਰਨ ਖ਼ਾਸ ਪਿਆਰ ਸੀ ਪਰ ਦੇਸ਼ ਦੀ ਵੰਡ ਲਈ ਤਹਿ ਕੀਤੇ ਪੈਮਾਨੇ ਅਨੁਸਾਰ ਜ਼ਿਲ੍ਹਾ ਹੀ ਵੰਡ ਦਾ ਮੁੱਖ ਅਧਾਰ ਸੀ। ਜਿਸ ਖਿੱਤੇ ਵਿਚ ਜ਼ਿਲ੍ਹਾ ਪੱਧਰ 'ਤੇ ਜਿਸ ਵੀ ਫ਼ਿਰਕੇ ਦੀ ਬਹੁਮਤ ਹੱਦਬੰਦੀ ਸੀ ਉਸ ਖਿੱਤੇ ਨੂੰ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਵੰਡ ਦਾ ਅਧਾਰ ਮੰਨ ਲਿਆ ਗਿਆ। 1974-75 ਈ. ਵਿਚ ਜਦੋਂ ਮੈਂ ਅਕਾਲੀ ਲਹਿਰ 'ਤੇ ਖੋਜ ਸਮੱਗਰੀ ਇਕੱਤਰ ਕਰਨ ਲਈ ਇੰਗਲੈਂਡ ਗਿਆ ਤਾਂ ਮੈਂ ਲੰਡਨ ਦੇ ਇਕ ਮਿੱਤਰ, ਸਰਦਾਰ ਹਰਵੰਤ ਸਿੰਘ ਗਰੇਵਾਲ, ਜੋ ਸ਼ੈਫਰਡ ਬੁਸ਼ ਦੇ ਵੱਡੇ ਗੁਰਦੁਆਰੇ ਦੇ ਸਕੱਤਰ ਸਨ, ਅਕਸਰ ਮਾਸਟਰ ਤਾਰਾ ਸਿੰਘ ਨੂੰ ਦੂਰਅੰਦੇਸ਼ੀ ਦੀ ਘਾਟ ਕਰਕੇ ਆਜ਼ਾਦ ਸਿੱਖ ਰਿਆਸਤ ਦੀ ਅਪ੍ਰਾਪਤੀ ਲਈ ਜ਼ਿੰਮੇਵਾਰ ਠਹਿਰਾਉਂਦੇ ਸਨ। ਉਹਨਾਂ ਦਾ ਸ਼ੰਕਾਂ ਦੂਰ ਕਰਨ ਲਈ ਮੈਂ ਉਹਨਾਂ ਨੂੰ ਨਾਲ ਲੈ ਕੇ ਭਾਰਤ ਦੇ ਆਖ਼ਰੀ ਗਵਰਨਰ-ਜਨਰਲ ਲਾਰਡ ਮਾਊਂਟਬੈਟਨ ਨਾਲ ਇਕ ਮੁਲਾਕਾਤ ਦੌਰਾਨ ਇਸ ਨੁਕਤੇ 'ਤੇ ਗੱਲਬਾਤ ਕੀਤੀ। ਉਹਨਾਂ ਦਾ ਜਵਾਬ

ਬੜਾ ਸਪੱਸ਼ਟ ਸੀ ਕਿ ਸੱਤਾ ਦੀ ਤਬਦੀਲੀ ਸਮੇਂ ਉਹਨਾਂ ਨੇ ਸਿੱਖਾਂ ਨੂੰ ਕਿਸੇ ਤਰ੍ਹਾਂ ਦੀ ਆਜ਼ਾਦ ਸਿੱਖ ਰਿਆਸਤ ਦੀ ਪੇਸ਼ਕਸ ਨਹੀਂ ਸੀ ਕੀਤੀ ਕਿਉਂਕਿ ਸਿੱਖ ਮਲੇਰਕੋਟਲੇ ਦੀ ਮੁਸਲਿਮ ਰਿਆਸਤ ਤੋਂ ਛੁਟ ਕਿਸੇ ਵੀ ਖਿੱਤੇ ਵਿਚ ਬਹੁਮਤ ਹੱਦਬੰਦੀ ਵਿਚ ਨਹੀਂ ਸਨ। ਇਸੇ ਫਾਰਮੂਲੇ ਕਾਰਨ ਭਰਵੀਂ ਬਹਿਸ ਤੋਂ ਬਾਅਦ ਗੁਰਦਾਸਪੁਰ ਜ਼ਿਲ੍ਹਾ ਪਾਕਿਸਤਾਨ ਦੀ ਥਾਂ ਹਿੰਦੁਸਤਾਨ ਕੋਲ ਆ ਗਿਆ। ਸੱਤਾ ਦੀ ਤਬਦੀਲੀ ਦੌਰਾਨ 'ਸਿੱਖ ਹੋਮਲੈਂਡ ਤੇ ਆਜ਼ਾਦ ਪੰਜਾਬ' ਦੇ ਨਾਅਰੇ ਨੂੰ ਕਾਂਗਰਸ ਮੁਸਲਮਾਨਾਂ ਦੀ ਪਾਕਿਸਤਾਨ ਦੀ ਮੰਗ ਨੂੰ ਬੇ-ਅਸਰ ਕਰਨ ਲਈ ਹੀ ਵਰਤ ਰਹੀ ਸੀ।



**ਅਕਾਲੀ ਸੰਘਵਾਦ ਦੀ ਇਕ ਜੀਉਂਦੀ-ਜਾਗਦੀ ਤਸਵੀਰ ਜਿਸ ਵਿਚ ਸ਼ਿਰੋਮਣੀ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੋਹੜਾ, ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸ. ਹਰਚੰਦ ਸਿੰਘ ਲੌਂਗੋਵਾਲ ਇੱਕੋ ਮੰਚ ਤੇ ਇਕੱਤਰ ਹਨ।** (Courtesy : *yespunjabi.com*)


ਲੱਗਦਾ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਸਿੱਖ ਰਿਆਸਤ ਦਾ ਸੁਪਨਾ ਸਿੱਖਾਂ ਦੇ ਮਨਾਂ ਵਿਚੋਂ ਨਹੀਂ ਗਿਆ। ਉਹਨਾਂ ਦੇ ਆਗੂ ਤੇ ਹਮਦਰਦ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਿੱਖ ਬਹੁਮਤ ਵਾਲਾ ਖਿੱਤਾ ਬਣਾਉਣ ਲਈ ਹਮੇਸ਼ਾ ਤੋਂ ਯਤਨਸ਼ੀਲ ਰਹੇ ਹਨ। ਜਦੋਂ ਵੰਡ ਤੋਂ ਬਾਅਦ ਹਿੰਦੂ ਤੇ ਸਿੱਖ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਹਿਜ਼ਰਤ ਕਰ ਰਹੇ ਸਨ ਤਾਂ ਪਟਿਆਲਾ ਦੇ ਮਹਾਰਾਜੇ ਯਾਦਵਿੰਦਰ ਸਿੰਘ ਨੇ ਆਪਣੀ ਰਿਆਸਤ ਦੇ ਪ੍ਰਧਾਨ ਮੰਤਰੀ ਸਰਦਾਰ ਹਰਦਿੱਤ ਸਿੰਘ ਮਲਿਕ ਰਾਹੀਂ ਰੇਡੀਓ 'ਤੇ ਸਿੱਖਾਂ ਨੂੰ ਖ਼ਾਸ ਅਪੀਲ ਕੀਤੀ ਕਿ ਉਹ ਮੁੜ ਬਸੇਵੇ ਲਈ ਪਟਿਆਲਾ ਰਿਆਸਤ ਵਿਚ ਆਉਣ ਜਿੱਥੇ ਉਹਨਾਂ ਲਈ ਪੁਖਤਾ ਇੰਤਜ਼ਾਮ ਕੀਤੇ ਜਾਣਗੇ। ਪਟਿਆਲਾ ਰਿਆਸਤ ਵਿਚ ਪੰਜਾਬੀ ਪਹਿਲਾਂ ਹੀ ਸਰਕਾਰ, ਵਪਾਰ ਤੇ ਵਿਵਹਾਰ ਦਾ ਮਾਧਿਅਮ ਸੀ ਤੇ ਸਿੱਖ ਰਿਫ਼ੂਜੀਆਂ ਦੇ ਇੱਥੇ ਮੁੜ ਬਸੇਵੇ ਕਾਰਨ ਇਹ ਸਿੱਖ ਬਹੁਮਤ ਰਿਆਸਤ ਬਣ ਗਈ। ਬਾਅਦ ਵਿਚ ਹੋਰ ਵੀ ਸਿੱਖ ਰਿਆਸਤਾਂ ਨੂੰ ਇਕੱਠਾ ਕਰਕੇ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ) ਹੋਂਦ ਵਿਚ ਆਇਆ ਜਿਸ ਦਾ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਰਾਜ-ਪ੍ਰਮੁੱਖ ਬਣਾਇਆ ਗਿਆ। ਇੰਝ ਲੱਗਦਾ ਸੀ ਕਿ ਆਜ਼ਾਦੀ ਤੋਂ ਬਾਅਦ ਸਿੱਖ ਰਿਆਸਤ ਦੇ ਸੁਪਨੇ ਨੂੰ ਬੂਰ ਪੈ ਚੁੱਕਿਆ ਸੀ- ਇਕ ਐਸੀ ਰਿਆਸਤ ਜਿਸ ਵਿਚ ਪੰਜਾਬੀ ਸਰਕਾਰੀ ਜ਼ੁਬਾਨ, ਸਿੱਖਾਂ ਦੀ ਬਹੁਗਿਣਤੀ, ਇਸ ਦਾ ਮੁਖੀ ਸਿੱਖ ਮਹਾਰਾਜਾ ਤੇ ਚੋਣਾਂ ਕਰਵਾਉਣ ਤੋਂ ਬਾਅਦ ਅਕਾਲੀ ਦਲ ਦੀ ਬਹੁਮਤ ਨਾਲ ਬਣਿਆ ਸਿੱਖ ਮੁੱਖ ਮੰਤਰੀ ਸਰਦਾਰ ਗਿਆਨ ਸਿੰਘ ਰਾੜੇਵਾਲਾ। 15 ਜੁਲਾਈ, 1948 ਨੂੰ ਪਟਿਆਲੇ ਵਿਚ ਪੈਪਸੂ ਸਟੇਟ ਦਾ ਉਦਘਾਟਨ ਕਰਨ ਸਮੇਂ ਉਸ ਵੇਲੇ ਦੇ ਭਾਰਤ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਆਪਣੇ ਭਾਸ਼ਣ ਵਿਚ ਇਸ ਨੂੰ ਸਿੱਖ ਹੋਮਲੈਂਡ ਦੱਸਿਆ। ਆਜ਼ਾਦ ਭਾਰਤ ਵਿਚ ਸਿੱਖਾਂ ਦੀ ਇਹ ਤਰਾਸਦੀ ਸੀ ਕਿ ਥੋੜ੍ਹੇ ਸਮੇਂ ਬਾਅਦ ਹੀ ਇਹ ਸੁਪਨਾ ਚਕਨਾ-ਚੂਰ ਹੋ ਗਿਆ। 1956 ਈ. ਵਿਚ ਕੇਂਦਰੀ ਸਰਕਾਰ ਨੇ ਪੈਪਸੂ ਨੂੰ ਪੰਜਾਬ ਵਿਚ ਸ਼ਾਮਲ ਕਰਕੇ ਸਿੱਖ ਬਹੁਮਤ ਨੂੰ ਘੱਟਗਿਣਤੀ ਵਿਚ ਤਬਦੀਲ ਕਰ ਦਿੱਤਾ ਤੇ ਸਿੱਖੀ ਦੇ ਮੁੱਦਈ ਅਕਾਲੀ ਆਗੂਆਂ ਨੂੰ ਸਿੱਖ ਬਹੁਮਤ ਵਾਲਾ ਸੂਬਾ ਬਣਾਉਣ ਲਈ ਮੁੜ ਜੱਦੋ-ਜਹਿਦ ਕਰਨੀ ਪਈ ਜਿਸ ਲਈ ਉਹਨਾਂ ਨੂੰ ਕਈ ਮੋਰਚੇ ਲਾਉਣੇ ਪਏ। ਜਿਸ ਲਈ ਪਹਿਲਾਂ ਮਾਸਟਰ ਤਾਰਾ ਸਿੰਘ ਅਤੇ ਫਿਰ ਸੰਤ ਫ਼ਤਹਿ ਸਿੰਘ ਨੇ ਅਗਵਾਈ ਕੀਤੀ। ਭਾਵੇਂ 1 ਨਵੰਬਰ, 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ ਤੇ ਹਰਿਆਣਾ ਤੇ ਹਿਮਾਚਲ ਦੇ ਨਾਗਰਿਕਾਂ ਨੂੰ ਬਿਨਾਂ ਕਿਸੀ ਜੱਦੋ-ਜਹਿਦ ਵੱਖਰੇ ਸੂਬੇ ਮਿਲ ਗਏ, ਪਰ ਅਕਾਲੀਆਂ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਜਿਹੜੇ ਹਰਿਆਣੇ ਵਿਚ ਚਲੇ ਗਏ ਸਨ, ਦੀ ਪ੍ਰਾਪਤੀ ਲਈ ਜੱਦੋ-ਜ਼ਹਿਦ ਜਾਰੀ ਰੱਖਣਾ ਪਿਆ। ਭਾਵੇਂ ਨਵੇਂ ਸੂਬੇ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜੋ ਕਿ ਪਹਿਲੀ ਵਾਰ ਅਕਾਲੀ ਨੁਮਾਇੰਦੇ ਵਜੋਂ ਕਾਂਗਰਸ ਦੇ ਚੋਣ ਨਿਸ਼ਾਨ ਤੇ ਪੰਜਾਬ ਵਿਧਾਨ ਸਭਾ ਵਿਚ ਐਮ.ਐਲ.ਏ. ਵਜੋਂ ਆਏ ਤੇ ਉਹ ਸਭ ਤੋਂ ਘੱਟ ਉਮਰ ਦੇ ਮੁੱਖ ਮੰਤਰੀ ਬਣੇ ਤੇ ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹਿ ਕੇ ਇਕ ਨਵਾਂ ਰਿਕਾਰਡ ਕਾਇਮ ਕਰ ਦਿੱਤਾ। ਇਹ ਸਿੱਖਾਂ ਦੀ ਤਰਾਸਦੀ ਹੈ ਕਿ ਸੱਤਾ ਵਿਚ ਆਉਣ 'ਤੇ ਉਹਨਾਂ ਨੇ ਚੰਡੀਗੜ੍ਹ ਤੇ ਹੋਰ ਮੁੱਦੇ ਜਿਹੜੇ ਅਕਾਲੀ ਜੱਦੋ-ਜਹਿਦ ਦੀ ਜ਼ਿੰਦ ਜਾਨ ਸਨ, ਦੀ ਪ੍ਰਾਪਤੀ ਬਾਰੇ ਕਦੇ ਵੀ ਯੋਗ ਉਪਰਾਲਾ ਨਹੀਂ ਕੀਤਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਹਮੇਸ਼ਾ ਸੱਤਾ ਵਿਚ ਰਹਿਣ ਦੀ ਲਾਲਸਾ ਨੇ ਅਕਾਲੀ ਦਲ ਨੂੰ ਮੋਗਾ ਕਨਵੈਨਸ਼ਨ ਦੌਰਾਨ ਅਕਾਲੀ ਚੋਗਾ ਛੱਡ ਕੇ ਪੰਜਾਬੀ ਚੋਗਾ ਪਾ ਦਿੱਤਾ ਤੇ ਅਕਾਲੀ ਦਲ ਦੀ ਮੈਂਬਰਸ਼ਿਪ ਗ਼ੈਰ-ਸਿੱਖਾਂ ਲਈ ਖੋਲ੍ਹ ਦਿੱਤੀ। ਸਿੱਖ ਪੁੱਛਦੇ ਹਨ ਕਿ ਅਕਾਲੀ ਲਹਿਰ (1920-25) ਤੇ ਪੰਜਾਬੀ ਸੂਬੇ ਲਈ ਜੱਦੋ-ਜਹਿਦ (1956-66) ਦੌਰਾਨ ਦਿੱਤੀਆਂ ਮਹਾਨ ਕੁਰਬਾਨੀਆਂ ਵਿਚੋਂ ਉਪਜਿਆ ਸ਼੍ਰੋਮਣੀ ਅਕਾਲੀ ਦਲ ਆਪਣੀ ਵਿਰਾਸਤ ਤੋਂ ਬੇਮੁੱਖ ਕਿਉਂ ਹੋ ਗਿਆ ਹੈ? ਇਹ ਕਿੰਨੀ ਵੱਡੀ ਤਰਾਸਦੀ ਹੈ ਕਿ ਆਪਣੀ ਸ਼ਤਾਬਦੀ ਮੌਕੇ ਪੰਥ ਦੀ ਸਿਰਮੌਰ ਪਾਰਟੀ ਦੇ 'ਸ਼੍ਰੋਮਣੀ' ਤੇ 'ਅਕਾਲੀ' ਹੋਣ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਗੁਰੂ ਰਾਖਾ।

---

*ਡਾ. ਮਹਿੰਦਰ ਸਿੰਘ ਨੇ ਅਕਾਲੀ ਲਹਿਰ 'ਤੇ ਖੋਜ-ਪ੍ਰਬੰਧ ਲਿਖਿਆ ਹੈ ਜਿਹੜਾ 1978 ਈ. ਵਿਚ ਪੁਸਤਕ ਰੂਪ ਵਿਚ ਮੈਕਮਿਲਨ ਨੇ ਛਾਪਿਆ। ਉਹ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੇ ਡਾਇਰੈਕਟਰ ਹਨ।
s.mohinder@gmail.com

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ




ਅਸੀਂ ਪਾਪੀ ਲੋਕ ਪੱਥਰ ਹੁੰਦੇ ਹਾਂ ਪਰ ਅਜ ਸਾਨੂੰ ਓਹ ਸ਼ਰਮ ਆਈ ਹੈ ਕਿ ਜ਼ਿਮੀਂ ਵਿਹਲ ਦੇਵੇ ਤਾਂ ਗਰਕ ਹੋ ਜਾਈਏ।.....ਹੁਣ ਆਪ ਦਾ ਦਰ ਬਖਸ਼ਿੰਦ ਸਮਝਕੇ ਆਏ ਹਾਂ, ਚਾਹੇ ਮਾਰੋ, ਚਾਹੇ ਰਖੋ, ਚਾਹੇ ਫੜਾ ਦਿਓ ਤੇ ਕੈਦ ਪੁਆ ਦਿਓ। ਚਾਹੇ ਬਖਸ਼ ਦਿਓ। ਆਪ ਦੇ ਦਰ ਆ ਢੱਠੇ ਹਾਂ ਕਿਵੇਂ ਸਾਡਾ ਪਾਪ ਬਖਸ਼ ਹੋ ਜਾਏ ਇਹ ਬਜਰ ਪਾਪ ਹੈ ਜੋ ਅਸਾਂ ਗੁਰੂ ਦੇ ਦੁਆਰੇ ਦਾ ਕੀਤਾ ਹੈ, ਸਾਨੂੰ ਬਖਸ਼ੋ।

ਸੰਤ ਸੁਣਦੇ ਰਹੇ, ਨੈਣ ਮੁੰਦੇ ਰਹੇ, ਫੇਰ ਖੁਲ੍ਹੇ, ਲੰਮਾ ਸਾਹ ਲਿਆ ਤੇ ਬੋਲੇ-ਧੰਨ ਗੁਰੂ ਨਾਨਕ ! ਇਕੋ ਕਉਤਕ ਨਾਲ ਮੇਰੇ ਬੱਚੇ ਦੇ ਨੈਣ ਖੁਹਲ ਦਿਤੇ, ਬ੍ਰਹਮ ਦ੍ਰਿਸ਼ਟੀ ਬਖਸ਼ ਦਿੱਤੀ। ਉਸੇ ਇਕੇ ਕਉਤਕ ਨਾਲ ਚੋਰ ਸਾਧ ਬਣਾ ਦਿਤੇ। 'ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥' (ਜਪੁ ਜੀ)

ਭੋਲਾ ਸਿੰਘ ! ਤੂੰ ਗੁਣਵਾਨ ਸਾਧੂ ਸੈਂ, ਤੈਨੂੰ ਹੋਰ ਗੁਣ ਲਾ ਕੇ ਗੁਰ ਨਾਨਕ ਨੇ ਹੋਰ ਗੁਣਵਾਨ ਕਰ ਦਿਤਾ, ਤੇਰੀ ਚਰਮ ਦ੍ਰਿਸ਼ਟੀ ਹਿਰ ਲਈ, ਤੈਨੂੰ ਬ੍ਰਹਮ ਦ੍ਰਿਸ਼ਟੀ ਦੇ ਦਿੱਤੀ, ਲੀਲਾ ਦਿਖਾ ਦਿੱਤੀ, ਲੀਲਾ ਕਰਨ ਹਾਰ ਦਿਖਾ ਦਿਤਾ। ਇਹ ਦੇਖ ਆਪ ਨੂੰ ਆਪੇ ਚੋਰ ਆਖਣ ਵਾਲੇ ਨਿਰਗੁਣ ਸਨ, ਗੁਨਹਗਾਰ ਸਨ, ਇਨ੍ਹਾਂ ਨੂੰ ਗੁਰੂ ਨਾਨਕ ਨੇ ਪਛੁਤਾਵੇ ਦਾ, ਸਚੇ ਰਸਤੇ ਆ ਜਾਣ ਦਾ ਗੁਣ ਲਾ ਦਿੱਤਾ। ਹੁਣ ਸਾਡੇ ਪਾਸ ਕਿਹੜਾ ਗੁਣ ਹੈ ਜੋ ਉਸਨੂੰ ਲਾ ਸਕੀਏ, "ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ"। ਹਾਂ ਅਸੀਂ ਸ਼ੁਕਰ ਕਰੀਏ, ਆਖੀਏ ਧੰਨ ਗੁਰੂ ਨਾਨਕ, ਤੂੰ ਧੰਨ ਹੈ ਜੋ ਨਿਰਗੁਣਾਂ ਨੂੰ ਗੁਣ ਕਰਦਾ ਤੇ ਗੁਣਵੰਤਿਆਂ ਨੂੰ ਹੋਰ ਗੁਣ ਕਰਦਾ ਹੈਂ। ਫੇਰ ਸੰਤ 'ਪਛੁਤਾਵੇ ਨਾਲ ਰੋਂਦੇ ਅਪਰਾਧੀਆਂ' ਵਲ ਤੱਕ ਕੇ ਬੋਲੇ :- ਭਾਈ ! ਗੁਰੂ ਨਾਨਕ ਨੇ ਅਜ ਤੁਹਾਡੀ ਬਾਂਹ ਫੜੀ ਹੈ, ਪੀੜ ਕਰਨ ਵਾਲਾ ਦਾਰੂ ਨਹੀਂ ਪਰ ਮਿੱਠਾ ਦਾਰੂ ਤੁਹਾਡੇ ਨੈਣੀਂ ਪਾਇਆ ਹੈ, ਤੁਹਾਡੇ ਬੀ ਨੈਣ ਖੋਲੇ ਹਨ। ਤੁਹਾਨੂੰ 'ਪਾਪ' ਦੀ ਸੋਝੀ ਹੋ ਆਈ ਹੈ, ਤੁਸੀਂ ਕੀਤੇ ਪਾਪ ਤੇ ਪਛੁਤਾਏ ਹੋ। ਹੁਣ ਤੁਸੀਂ ਗੁਰੂ ਬਾਬੇ ਦਾ ਲੜ ਫੜੋ, ਜਿਨ ਅਗਜਾਨ ਦੇ ਛਉੜ ਕੱਟੇ ਹਨ। ਅਜ ਤੋਂ ਚੋਰੀ ਆਦਿ ਪਾਪ ਛੱਡ ਦਿਓ, ਧਰਮ ਦੀ ਕਿਰਤ ਕਰੋ, ਧਰਮ ਦੀ ਖਾਓ, ਕਮਾਈ ਵਿਚੋਂ ਦਸਵੰਧ ਕੱਢ ਕੇ ਭਲੇ ਅਰਥ ਲਾਓ। ਗੁਰਦੁਆਰੇ ਹਾਜ਼ਰ ਹੋਵੋ ਰੋਜ਼ ਕੀਰਤਨ ਸੁਣੋ, ਪੰਜ ਪਾਠ ਰੋਜ਼ ਜਪੁ ਜੀ ਸਾਹਿਬ ਦੇ ਕਰੋ, ਜੋ ਮਨ ਦੀ ਹੋਰ ਮੈਲ ਕੱਟੀ ਜਾਵੇ। ਉਠਦੇ ਬਹਿੰਦੇ 'ਵਾਹਿਗੁਰੂ' ਦਾ ਜਾਪ ਕਰਿਆ ਕਰੋ। ਕੁਛ ਸਮੇਂ ਮਗਰੋਂ ਆਉਣਾ ਫੇਰ ਗੁਰੂ ਦਸਮੇਂ ਪਾਤਸ਼ਾਹ ਦਾ ਅੰਮ੍ਰਿਤ ਛਕ ਕੇ ਜਹਾਜ਼ੇ ਚੜ੍ਹ ਬੈਠਣਾ। ਤਦ ਤਕ ਤੁਸੀਂ ਚੋਖੇ ਨਿਰਮਲ ਹੋ ਜਾਓਗੇ।

ਚਹੁਵਾਂ ਪਸਚਾਤਾਪੀਆਂ ਨੇ ਮੱਥਾ ਟੇਕਿਆ। ਪਰ ਸੰਤ ਜੀ ਛੇਤੀ ਨਾਲ ਉਠ ਖਲੋਤੇ ਤੇ ਚੌਹ ਨੂੰ ਬਾਹੋਂ ਫੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਲਿਜਾ ਕੇ ਮੱਥਾ ਟਿਕਾਇਆ ਭਈ ਇਹ ਹੈ ਜਾਗਤੀ ਜੋਤ ਗੁਰੂ, ਦਸਾਂ ਹੀ ਸਤਿਗੁਰੂ ਦਾ ਰੂਪ, ਇਸਨੂੰ ਮੱਥਾ ਟੇਕੋ, ਤੇ ਕਿਹਾ: ਦੇਖੋ ਇਸਦਾ ਪਾਠ ਕਰੋ, ਵੀਚਾਰੋ, ਕੀਰਤਨ ਸੁਣੋ, ਅਮਲ ਕਰੋ !

ਫੇਰ ਉਹਨਾਂ ਵਿਚੋਂ ਇਕ ਨੇ ਕਿਹਾ: ਮਹਾਰਾਜ ਅਸੀਂ ਜੋ ਭਰੀਆਂ ਕਣਕ ਦੀਆਂ ਰਾਤ ਲੈ ਗਏ ਸਾਂ, ਲੈ ਆਏ ਹਾਂ, ਬਾਹਰ ਆਪਦੀ ਡੇਉਢੀ ਵਿਚ ਧਰੀਆਂ ਹਨ ਉਹ ਸੰਭਾਲ ਲਓ। ਬਖਸ਼ ਤਾਂ ਦਿਤਾ ਨੇ, ਹੁਣ ਸਾਡੇ ਅਪਰਾਧ ਨੂੰ ਭੁਲਾ ਕੇ ਲੜ ਲਾਈ ਰਖਣਾ।

ਸੰਤ ਬੋਲੇ:-ਗੁਰੂ ਭਲਾ ਕਰੇ। ਪਰ ਕਣਕ ਦੀਆਂ ਭਰੀਆਂ, ਨਾ ਭਾਈ ਇਹ ਮਾਲ ਤੁਹਾਡਾ ਹੈ, ਇਹ ਤੁਸੀਂ ਹੀ ਲੈ ਜਾਓ। ਅਗੇ ਤੁਸੀਂ ਆਪ ਨੂੰ ਚੋਰ ਲਖਦੇ ਹੋਏ ਲੈ ਗਏ ਸਾਓ, ਹੁਣ ਸਾਡੇ ਖੁਸ਼ੇ ਨਾਲ ਆਪ ਨੂੰ ਸਾਧੂ ਲਖਦੇ ਹੋਏ ਲੈ ਜਾਓ ਤੇ ਵਰਤੋ। ਓਹ ਬੋਲੇ: ਆਪ ਤਾਂ ਦਰਯਾ ਵਾਂਙੂ ਵਗ ਰਹੇ ਹੋ ਹੱਦ ਬੰਨੇ ਭੰਨ ਕੇ, ਪਰ ਸਾਨੂੰ ਲਾਜ ਆਉਂਦੀ ਹੈ। ਅਸੀਂ ਹੁਣ ਸੇਵਾ ਕਰੀਏ ਕਿ ਸਗੋਂ ਤੁਹਾਡੇ ਉਤੇ ਅਸੀਂ ਭਾਰ ਪਾਈਏ। ਇਹ ਡੇਰੇ ਦੀ ਵਸਤੂ ਹੈ, ਸਾਧ ਸੰਗਤ ਦੇ ਕੰਮ ਆਵੇ। ਸੰਤ ਬੋਲੇ : ਭਾਈ ਇਹ ਕਣਕ ਤੁਹਾਡੇ ਭਾਗਾਂ ਦੀ ਸੀ; ਤੁਸਾਂ ਹੀ ਖਾਣੀ ਸੀ। ਅਸਾਂ ਇਹ ਵੱਢਣੀ ਸੀ, ਗਾਹੁਣੀ ਸੀ, ਡੇਰੇ ਲਿਆ ਕੇ ਪੀਸਣੀ ਸੀ ਪਕਾਉਣੀ ਸੀ, ਫੇਰ ਤੁਸਾਂ ਕਿਸੇ ਨਾ ਕਿਸੇ ਤਰ੍ਹਾਂ ਆ ਕੇ ਖਾਣੀ ਸੀ, ਕਿਉਂਕਿ ਸਾਡੀ ਜਾਚੇ ਇਹ ਤੁਹਾਡੇ ਹੀ ਭਾਗਾਂ ਦੀ ਵਸਤੂ ਸੀ। ਹੁਣ ਤੁਸੀਂ ਜੇ ਭਰੀਆਂ ਵਿਚ ਇਸ ਨੂੰ ਲੈ ਜਾਓਗੇ ਤਾਂ ਸਾਡੇ ਤੇ ਕਿਰਪਾ ਹੋਵੇਗੀ। ਤੁਸੀਂ ਗਾਹੋਗੇ, ਤੁਸੀਂ ਪੀਹੋਗੇ, ਤੁਸੀਂ ਪਕਾਵੋਗੇ ਫੇਰ ਖਾਵੋਗੇ ਸੋ ਤੁਸੀਂ ਇਤਨੀ ਖੇਚਲ ਸਾਡੀ ਬਚਾ ਦਿਓਗੇ।

ਓਹ ਚਾਰੋਂ ਜ਼ੋਰ ਲਾ ਥੱਕੇ ਕਿ ਸੰਤ ਕਣਕ ਰਖ ਲੈਣ ਪਰ ਸੰਤ ਨਾ ਮੰਨੇ ਤੇ ਅੰਤ ਇਹ ਕਹਿਕੇ ਕਣਕ ਬਖਸ਼ ਦਿਤੀ ਕਿ ਤੁਸੀਂ ਸਾਡਾ ਬਚਨ ਮੰਨਕੇ ਸਾਡੀ ਖੁਸ਼ੀ ਸਮਝਕੇ ਲੈ ਜਾਓ। ਅਸੀਂ ਨਾ ਲਿਜਾਓ ਤਾਂ ਖੁਸ਼ ਨਹੀਂ, ਲੈ ਜਾਓ ਤਾਂ ਸਾਡਾ ਖੁਸ਼ਾ ਤੁਸਾਂ ਦੇ ਨਾਲ ਜਾਏਗਾ।

ਸੋ ਸਜਣ ਜੀ ਮੈਂ ਆਪ ਨੂੰ ਦੱਸਦਾ ਹਾਂ ਕਿ ਏਹ ਚਾਰੋਂ ਜੋ ਚੋਰ ਬਣਕੇ ਆਏ ਸਨ ਇਕ ਅਤੀਤ ਸਿੱਖ ਸਾਧੂ ਦੀ ਚੋਰੀ ਕਰਕੇ ਸਾਧੂ ਹੋ ਗਏ। ਆਪ ਹੁਣ ਇਸ ਜੀਵਨ ਵਿਚ ਵੇਖ ਸਕਦੇ ਹੋ ਕਿ ਦੋਹਾਂ ਨੂੰ-'ਸੰਤ' ਨੂੰ ਭੀ ਤੇ ਸਿਰੇ ਚੜੇ 'ਜਗਜਾਸੂ' ਨੂੰ ਬੀ- ਜੋ ਗੁਰੂ ਘਰ ਦੇ ਅਤੀਤ ਸੰਤ ਸਨ, ਕਿਵੇਂ ਬ੍ਰਹਮ ਪਸਾਰ ਪਸਰਿਆ ਦਿਸਦਾ ਸੀ, ਤੇ ਉਨ੍ਹਾਂ ਦੀ ਦ੍ਰਿਸ਼ਟੀ ਕਾਨੂੰਨ, ਮਾਮੂਲੀ ਇਖ਼ਲਾਕ, ਤੇ ਸਦਾਚਾਰ ਤੋਂ ਕਿੰਨੀ ਉੱਚੀ ਨਿਕਲ ਗਈ ਸੀ। ਸਾਡਾ ਮਾਰਗ ਹੈ ਤਾਂ ਗ੍ਰਿਹਸਤ ਉਦਾਸ ਦਾ, ਪਰ ਸਾਡੇ ਵਿਚ ਵਿਰਕਤ ਹੋਣਾ ਯਾ ਅਤੀਤ ਹੋਣਾ ਤੇ ਡੇਰੇ ਦਾਰ ਹੋਣਾ ਖਾਸ ਹਾਲਤਾਂ ਵਿਚ ਕਿਸੇ ਗੱਲ ਦੀ ਮਨਾਹੀ ਨਹੀਂ, ਪਰ ਅਤੀਤਾਂ ਤੇ ਵਿਰਕਤਾਂ ਲਈ ਆਦਰਸ਼ ਬੜਾ ਕਠਨ ਤੇ ਉੱਚਾ ਹੈ। ਜੋ ਉਸ ਉਚ ਅਵਸਥਾ ਨੂੰ ਅੱਪੜਦੇ ਨਹੀਂ, ਓਹ ਨਾ ਅਪਣਾ ਜੀਵਨ ਸਫਲਾ ਕਰ ਸਕਦੇ ਹਨ, ਨਾ ਉਨ੍ਹਾਂ ਦੇ ਨਮੂਨੇ ਤੋਂ, ਨਾ ਉਨ੍ਹਾਂ ਦੇ ਉਪਦੇਸ਼ਾਂ ਤੋਂ ਜਗਤ ਸੁਖੀ ਹੁੰਦਾ ਹੈ, ਤਿਵੇਂ ਜੋ ਗ੍ਰਿਹਸਤ ਵਿਚ ਰਹਿਕੇ ਨਾਮ ਬਾਣੀ ਤੋਂ ਵਿਰਵੇ ਹਨ, ਸ਼ੁਭ ਆਚਰਣੀ ਨਹੀਂ, ਘਾਲ ਕੋਈ ਨਹੀਂ ਕਰਦੇ, ਮੋਹ ਮਾਇਆ ਵਿਚ ਵਿਚਰਦੇ ਹਨ ਤੇ ਫੇਰ ਜਗਤ ਨੂੰ ਉਪਦੇਸ਼ ਕਰਦੇ ਹਨ, ਉਹ ਉਪਦੇਸ਼ ਕਰਤਾ ਕਿ ਉਪਦੇਸ਼ਟਾ ਨੈਣਾਂ ਤੋਂ ਵਿਰਵੇ ਤੇ ਕੰਨਾਂ ਤੋਂ ਬੋਲ਼ੇ ਹਨ। ਐਸਾ ਗ੍ਰਿਹਸਤ ਵਿਚ ਬੈਠਾ ਉਪਦੇਸ਼ਕ ਅਗਜਾਨ ਵਿਚ ਬਰੜਾ ਰਿਹਾ ਹੈ ਤੇ ਉਪਦੇਸ਼ਜੀ ਸੁਣਦਾ ਹੋਇਆ ਨਹੀਂ ਸੁਣ ਰਿਹਾ। ਦੋਹਾਂ ਦੇ ਅਮਲ ਅਗਜਾਨ ਵਸ਼ ਹਨ, ਕਲਜਾਨ ਦਾ ਫਲ ਉਨ੍ਹਾਂ ਨੂੰ ਨਹੀਂ ਪੈਂਦਾ।

(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)

# The Four *Sahibzadas* of the Master

❖ Dr. Jaswant Singh Neki

In Sikh parlance, the term *sahibzada*, means the son of a revered person. Here it refers to the sons of the Guru. Being the progeny of the Guru, all of them should have deserved the same respect from the Sikhs. However, some of them did not fulfil the word of their father and lost that privilege. Those who could pass the test of faith remained worthy of respect.

Guru Nanak had two sons: Baba Sri Chand and Baba Lakhmi Das. The former was an ascetic *sadhu* who started the *Udasi* tradition. This celibate tradition, however, is not in consonance with that of Guru Nanak and that son could not get the approval of his father. Baba Lakhmi Das was an entirely worldly man and had little interest in spiritual affairs. The Guru's legacy, therefore, went to neither of them but to a disciple Bhai Lehna who succeeded Guru Nanak as Guru Angad.



**Jor Mela at Gurdwara Fatehgarh Sahib organised in the memory of Sahibzadas Zorawar Singh and Fateh Singh (Courtesy: *Gurdwaras in India and Pakistan,* Photo: Sondeep Shankar )**

Guru Angad also had two sons: Sri Datu ji and Sri Dasu ji, but overlooking them both, Guru Angad installed Sri Amar Das as his successor. Sri Datu one day rushed to the Guru's congregation and kicked Guru Amar Das contemptuously. The Guru did not make any remonstration, but in utter humility, said, 'I am extremely sorry, my old hardened bones may have hurt your foot', and then lovingly began to press the offending foot.

Guru Amar Das also had two sons: Baba Mohan and Baba Mohri. They two were bypassed by Guru Amar Das, and Bhai Jetha was installed the next Guru as Guru Ram Das. Baba Mohan protested and said, 'The Guru's seat is not the right of Ram Das. He is only a son-in-law. I am the son, and it should be my right.' Guru Amar Das replied, 'This throne cannot be claimed by anyone. It is a Divine gift. It belongs to one who has spiritual right to it.'

Guru Ram Das had three sons: Sri Prithi Chand, Sri Maha Dev and Sri Arjan Dev. Sri Prithi Chand had been a competent worldly man but with little spiritual insight. Sri Maha Dev was an ascetic who had severed almost all worldly relations. Sri Arjan Dev was not only obedient but also spiritually most accomplished and he was enthroned. Prithi Chand was stricken with jealousy and tried to belittle and torment Guru Arjan Dev, but the Guru never remonstrated.

Guru Hargobind was the only son of Guru Arjan Dev and became his successor by virtue of his qualities as a leader – spiritual as well as mundane. He, in turn, had five sons: Baba Gurditta, Baba Suraj Mal, Baba Tyag Mal and Baba Atal Rae. Baba Gurditta became an *Udasi.* Baba Suraj Mal and Baba Ani Rae were of worldly disposition. Baba Atal Rae gave away his life for having displeased his father because he had worked the miracle of reviving his dead playmate. Baba Tyag Mal, who had received the title *Tegh Bahadur*, an account of his valorous fighting against the offending Mughal forces later became the ninth Guru. But after Guru Hargobind

his grandson (son of Baba Gurditta) Har Rae became the Guru.

Guru Har Rae had two sons, Baba Ram Rae and Sri Harikrishan. The former, in order to please the Emperor Aurangzeb, made an alteration in one of the verses of the Holy Book. That caused Guru Har Rae to disown him and turn the pontific throne over to his five-year old son, making him Guru Harkrishan. Guru Harkrishan fell mortally ill after three years but declared Guru Tegh Bahadur as his successor.

Guru Tegh Bahadur had only one issue, Gobind Rae, who later became Guru Gobind Singh. Guru Gobind Singh had four sons: Baba Ajit Singh, Baba Jujhar Singh, Baba Zoravar Singh and Baba Fateh Singh. They all laid down their lives with unmatched courage and valour for the glory of the Khalsa. In the *ardas*, they are reverently remembered by the whole *Panth*.



**Gurdwara Qatalgarh Sahib, Chamkaur in the memory of Sahibzadas Ajit Singh & Jujhar Singh**

In the Fortress of Chamkaur, Guru Gobind Singh and a meager forty men were surrounded by Mughal forces numbering a hundred thousand men. The Sikhs prayed to the Guru, 'We shall all die fighting but you and your sons must escape.' The Guru said, 'Which sons are you talking about? Aren't all of you my sons?' Then his eldest son, Ajit Singh, aged eighteen, stepped forward and sought the Guru's permission to leave the fortress and engaged the enemy. The Guru was intensely pleased and sent his son forward along with a band of five Sikhs. Baba Ajit Singh leapt into the enemy ranks slaying them left and right. At last, all of his arsenal was finished, and he fell fighting. Guru Gobind Singh, who was watching his valour from on high, shouted the cry of Divine Victory and said, 'O Lord! Your trust has been restored to you.'

Then, his second son, Baba Jujhar Singh, aged fourteen, after getting his father's permission, jumped into the field and fought until sunset, demonstrating his courage and bravery to his foes. As the sun was setting, he too fell fighting.

… … ...

The two younger sons of the Guru, Zoravar Singh and Fateh Singh, accompanied by the Guru's mother, Mata Gujri, were arrested and interned in a minaret of Sirhind by Wazir Khan, the Nawab of that place. The next day, the young children were summoned to the court. Throughout the previous night, their grandmother kept reminding them that they were the children of Guru Gobind Singh, grandchildren of Guru Tegh Bahadur and followers of Guru Nanak Dev. She called on them to uphold their dignity at all cost.

In the court, the two young children of the Guru were given various incentives to accept conversion to Islam, but they withstood all temptations. When all efforts to make them comply failed, an order was given to wall them alive. The two innocent children embraced martyrdom but did not yield.

… … ...

The unparalleled courage, undaunted gallantry and peerless martyrdom of the four sons of Guru Gobind Singh are a source of inspiration for the entire *Panth*.

The exemplary valorous conduct of these *sahibzadas* makes it patently clear that age has no relationship with spiritual achievement. The same phenomenon is visible in Guru Harkrishan assuming guruship at the age of five and Guru Gobind Singh at the age of nine.


All this firmly establishes that guruship was not hereditary. After having been born in the Gurus' family, many of the *sahibzadas* remained without it.

In the *ardas* the *Panth* remembers only those who were either bestowed with guruship or the four *sahibzadas* of Guru Gobind Singh who raised the tradition of martyrdom to new heights. Those *sahibzadas* who cultivated enmity and jealousy within the Gurus' house were ostracized by the *Panth*.

Courtesy : *Ardas of the Sikhs*

✧ ✧ ✧ ✧ ✧

# ਪੁਸਤਕ-ਪੜਚੋਲ




**ਲੇਖਕ :** ਪਰਮਜੀਤ ਸਿੰਘ 'ਸੁਚਿੰਤਨ'
**ਪ੍ਰਕਾਸ਼ਕ :** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ
**ਪੰਨੇ :** 96, ਮੁੱਲ : 60 ਰੁ.

ਪ੍ਰਸਤੁਤ ਪੁਸਤਕ **ਧਰਮ ਦੀ ਚਾਦਰ** ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਅਤੇ ਸਿੱਖਿਆ ਨਾਲ ਸੰਬੰਧਿਤ ਇਕ ਗਿਆਨਮਈ ਇਤਿਹਾਸਕ ਸਿਰਜਨਾ ਹੈ ਜਿਸਦੀ ਸਿਰਜਨਾ ਦੇ ਮੁੱਖ ਕਾਰਨ ਬਾਬਤ ਲੇਖਕ ਦਾ ਲਿਖਣਾ ਹੈ, "ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਚੌਥੀ ਆਗਮਨ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਮਨ 'ਚ ਵਿਚਾਰ ਆਇਆ ਕਿ ਕਿਉਂ ਨਾ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਉਹਨਾਂ ਦੀ ਬਾਣੀ 'ਚੋਂ ਮਿਲਦੇ ਚੋਣਵੇਂ ਸੁਨੇਹਿਆਂ ਬਾਰੇ ਕੋਈ ਪੁਸਤਕ ਲਿਖ ਕੇ ਸੰਗਤਾਂ ਦੇ ਸਨਮੁਖ ਭੇਟ ਕੀਤੀ ਜਾਵੇ।" ਇਸ ਉਦੇਸ਼ਮਈ ਪ੍ਰੇਰਨਾ ਤਹਿਤ ਲੇਖਕ ਨੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਚੌਥੀ ਆਗਮਨ ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਇਸ ਪੁਸਤਕ ਦੀ ਸਿਰਜਨਾ ਕੀਤੀ ਹੈ। ਪੁਸਤਕ ਦੇ ਸ਼ੁਰੂ 'ਚ ਗੁਰੂ ਸਾਹਿਬ ਦਾ ਸੰਖੇਪ ਜੀਵਨ ਬਿਓਰਾ ਦਿੱਤਾ ਗਿਆ ਹੈ। ਉਸ ਤੋਂ ਬਾਅਦ ਸ਼ੁਰੂ ਹੁੰਦਾ ਹੈ ਗੁਰੂ ਸਾਹਿਬ ਦਾ ਸਮੁੱਚਾ ਜੀਵਨ-ਬਿਰਤਾਂਤ ਜਿਸ ਨੂੰ ਇਕ ਇਤਿਹਾਸਕ ਕ੍ਰਮ ਅਨੁਸਾਰ ਉਸਦੇ ਉਪ-ਸਿਰਲੇਖਾਂ ਅਧੀਨ ਕਲਮਬੱਧ ਕੀਤਾ ਗਿਆ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਦੇ ਮੁੱਢਲੇ ਜੀਵਨ ਤੋਂ ਸ਼ੁਰੂ ਹੁੰਦੀ ਉਹਨਾਂ ਦੀ ਜੀਵਨ-ਯਾਤਰਾ ਅਖ਼ੀਰ ਦਿੱਲੀ ਵਿਖੇ ਸ਼ਹਾਦਤ ਤੇ ਸਮਾਪਤ ਹੁੰਦੀ ਹੈ। ਇਸ ਸਾਰੀ ਜੀਵਨ ਯਾਤਰਾ ਨੂੰ 53 ਉਪ-ਸਿਰਲੇਖਾਂ ਅਧੀਨ ਬਿਆਨਿਆ ਗਿਆ ਹੈ। ਇਸ ਤਰ੍ਹਾਂ ਨਾਲ ਲੇਖਕ ਨੇ ਬਹੁਤ ਖ਼ੂਬਸੂਰਤੀ ਨਾਲ, ਸੰਖੇਪਵਾਰ ਅਤੇ ਸਰਲ ਭਾਸ਼ਾ 'ਚ ਗੁਰੂ ਸਾਹਿਬ ਦੇ ਪੂਰੇ ਜੀਵਨ-ਬਿਰਤਾਂਤ ਨੂੰ ਸ਼ਬਦੀ ਜਾਮੇ 'ਚ ਰੂਪਾਂਤ੍ਰਿਤ ਕੀਤਾ ਹੈ। ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਹਰ ਉਪ-ਸਿਰਲੇਖ 'ਚ ਦਰਜ ਗੁਰੂ ਸਾਹਿਬ ਦੇ ਬਿਰਤਾਂਤ ਤੋਂ ਬਾਅਦ ਉਸ 'ਚੋਂ ਪੈਦਾ ਹੁੰਦੀ ਸਿੱਖਿਆ ਨੂੰ ਦਿੱਤਾ ਗਿਆ ਹੈ ਜੋ ਕਿ ਅੱਜ ਦੇ ਪ੍ਰਸੰਗ 'ਚ ਇਕ ਮੁੱਲਵਾਨ ਪ੍ਰਾਪਤੀ ਹੈ। ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਮੁੱਢਲੀ ਵਿੱਦਿਆ, ਜੁਆਨੀ ਦਾ ਸਮਾਂ, ਪ੍ਰਚਾਰ-ਯਾਤਰਾਵਾਂ, ਸਮਾਜਕ ਉਸਾਰੀ ਦਾ ਕੰਮ, ਲੋਕਾਂ 'ਚ ਮੌਜੂਦਾ ਹਾਲਾਤ ਪ੍ਰਤੀ ਚੇਤਨਾ ਪੈਦਾ ਕਰਨੀ ਤੇ ਫਿਰ ਸ਼ਹੀਦੀ ਆਦਿ ਸਭੋ ਕੁਝ ਦਾ 96 ਪੰਨਿਆਂ ਦੀ ਇਸ ਪੁਸਤਕ 'ਚ ਬਾਖ਼ੂਬੀ ਚਿਤਰਨ ਹੋਇਆ ਹੈ।

ਜੀਵਨ-ਬਿਰਤਾਂਤ ਤੋਂ ਅਗਲਾ ਭਾਗ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਨਾਲ ਸੰਬੰਧਿਤ ਹੈ। ਗੁਰੂ ਗ੍ਰੰਥ ਸਾਹਿਬ 'ਚ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦੇ 15 ਰਾਗਾਂ 'ਚ ਦਰਜ 59 ਸ਼ਬਦ ਹਨ ਅਤੇ ਰਾਗਰਹਿਤ ਬਾਣੀ 'ਚ ਗੁਰੂ ਸਾਹਿਬ ਦੇ 57 ਸਲੋਕ 'ਸਲੋਕ ਮਹਲਾ ੯' ਅਧੀਨ ਦਰਜ ਹਨ। ਗੁਰੂ ਸਾਹਿਬ ਦੀ ਬਾਣੀ ਨਾਲ ਸੰਬੰਧਤ ਇਸ ਪੁਸਤਕ 'ਚ ਦੋ ਪਾਠ ਹਨ। ਪਹਿਲੇ ਪਾਠ 'ਚ ਗੁਰੂ ਸਾਹਿਬ ਦੀ ਬਾਣੀ 'ਚੋਂ ਮਿਲਦੇ ਵੱਖ-ਵੱਖ ਸਿਰਲੇਖਾਂ ਅਧੀਨ ਪ੍ਰਮੁੱਖ ਸੁਨੇਹੇ ਦਿੱਤੇ ਗਏ ਹਨ। ਵੱਖ-ਵੱਖ ਖੇਤਰਾਂ 'ਚ ਜੀਵਨ ਦੀ ਰਹਿਨੁਮਾਈ ਕਰਦੇ ਇਹ ਸਲੋਕ ਪਾਠਕੀ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹਨ। ਅੱਜ ਸਾਨੂੰ ਬਹੁਤ ਲੋੜ ਹੈ ਕਿ ਅਸੀਂ ਗੁਰਬਾਣੀ ਤੋਂ ਮਾਰਗ-ਦਰਸ਼ਨ ਲਈਏ ਤੇ ਕਈਆਂ ਦਾ ਇਹ ਪ੍ਰਸ਼ਨ ਵੀ ਹੁੰਦਾ ਹੈ ਕਿ ਸਾਨੂੰ ਕਈ ਵਾਰ ਗੁਰਬਾਣੀ ਦੀ ਸਮਝ ਨਹੀਂ ਆਉਂਦੀ ਜਾਂ ਜੀਵਨ ਦੇ ਵੱਖ-ਵੱਖ ਹਾਲਾਤਾਂ 'ਚ ਗੁਰਬਾਣੀ ਦਾ ਕੀ ਸੁਨੇਹਾ ਹੈ? ਪੁਸਤਕ ਵਿਚ ਦਰਜ ਇਸ ਪਾਠ ਨੇ ਇਸ ਬਾਬਤ ਬਹੁਤ ਸਾਰੇ ਪਾਠਕਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰ ਦਿੱਤਾ ਹੈ। ਬਹੁਤ ਹੀ ਸੁਖੈਨ ਭਾਸ਼ਾ 'ਚ ਸ਼ਬਦਾਂ ਦੇ ਅਰਥ/ਭਾਵ ਅਰਥ ਦਿੱਤੇ ਗਏ ਹਨ। ਉਦਾਹਰਨ ਵਜੋਂ :

**ਪਛਤਾਵਾ :**

**ਮਨ ਕੀ ਮਨ ਹੀ ਮਾਹਿ ਰਹੀ॥**
**ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥**
(ਅੰਗ ੬੩੧)

**ਭਾਵ ਅਰਥ :** ਮਨ ਦੀ ਆਸ ਮਨ ਵਿਚ ਹੀ ਰਹਿ ਗਈ। ਨਾ ਪਰਮਾਤਮਾ ਦਾ ਭਜਨ ਕੀਤਾ, ਨਾ ਹੀ ਸੇਵਾ ਕੀਤੀ ਤੇ ਮੌਤ ਨੇ ਆ ਕੇ ਚੋਟੀ ਤੋਂ ਫੜ ਲਿਆ ਭਾਵ ਕਿ ਅੰਤਿਮ ਸਮਾਂ ਵੀ ਆ ਗਿਆ।

ਬਾਣੀ ਵਿਚਾਰ ਨਾਲ ਸੰਬੰਧਿਤ ਅਗਲੇ ਪਾਠ 'ਸਲੋਕ ਮਹਲਾ ੯-ਭਾਵ ਅਰਥ ਸਹਿਤ' ਹੈ। ਇਹ ਸਲੋਕ ਅਖੰਡ ਪਾਠ ਸਾਹਿਬ ਜਾਂ ਸਹਿਜ ਪਾਠ ਦੇ ਭੋਗ ਵੇਲੇ ਪਾਠੀ ਸਿੰਘਾਂ ਵੱਲੋਂ ਰਲ ਕੇ ਤਰੰਨੁਮ 'ਚ ਪੜ੍ਹੇ ਜਾਂਦੇ ਹਨ। ਸੰਸਾਰ ਦੀ ਨਾਸ਼ਮਾਨਤਾ, ਬੈਰਾਗ, ਅਨੁਰਾਗ ਤੇ ਸਿੱਖਿਆ-ਸੰਦੇਸ਼ ਨਾਲ ਸੰਬੰਧਿਤ ਇਹ ਸਲੋਕ ਮਨੁੱਖੀ ਜੀਵਨ-ਯਾਤਰਾ ਦਾ ਸੱਚ ਪੇਸ਼ ਕਰਦੇ ਹਨ। ਇਸੇ ਸੱਚ ਤੋਂ ਮਨੁੱਖੀ ਅਣਖ, ਕਦਰਾਂ-ਕੀਮਤਾਂ ਤੇ ਮਨੁੱਖੀ ਅਧਿਕਾਰਾਂ ਦੀ ਗੱਲ ਤੁਰੀ ਜਿਨ੍ਹਾਂ ਦੀ ਖ਼ਾਤਰ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਿੱਲੀ ਵਿਖੇ ਆ ਕੇ ਸਰੀਰ ਦੀ ਕੁਰਬਾਨੀ ਦੇਣੀ ਪਈ। ਇਸ ਸ਼ਹੀਦੀ ਸਾਕੇ ਦੇ ਸੰਬੰਧ 'ਚ ਅਤੇ ਅਗਲੇ ਵਰ੍ਹੇ ਆ ਰਹੇ ਉਹਨਾਂ ਦੇ 400 ਸਾਲਾ ਆਗਮਨ-ਪੁਰਬ ਨੂੰ ਸਮਰਪਿਤ ਹੁੰਦਿਆਂ ਲੇਖਕ ਰਾਹੀਂ ਲਿਖੀ ਇਹ ਪੁਸਤਕ ਨਿਸ਼ਚੇ ਹੀ ਇਕ ਸ਼ਲਾਘਾਯੋਗ ਉਦਮ ਹੈ। ਲੇਖਕ ਨੇ ਆਪਣਾ ਫ਼ਰਜ਼ ਨਿਭਾ ਦਿੱਤਾ ਹੈ, ਹੁਣ ਸਾਡਾ ਪਾਠਕਾਂ ਦਾ ਫ਼ਰਜ਼ ਹੈ ਕਿ ਅਸੀਂ ਪੁਸਤਕ ਪੜ੍ਹੀਏ, ਵਾਚੀਏ ਤੇ ਮਨੁੱਖਤਾ ਤੇ ਮਨੁੱਖੀ ਕਦਰਾਂ-ਕੀਮਤਾਂ ਦੀ ਖ਼ਾਤਰ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲਈਏ। ਮੌਜੂਦਾ ਸੰਘਰਸ਼ੀ ਦੌਰ 'ਚ ਤੇ ਇਸ ਪੁਸਤਕ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਜਦਕਿ ਦੇਸ਼ 'ਚ ਕਿਸਾਨੀ ਸੰਘਰਸ਼ ਜ਼ੋਰਾਂ ਤੇ ਹੈ। ਤਮਾਮ ਤਰ੍ਹਾਂ ਦੇ ਸੰਘਰਸ਼ਾਂ 'ਚ ਗੁਰੂ ਸਾਹਿਬਾਨ ਦਾ ਜੀਵਨ ਤੇ ਉਹਨਾਂ ਵੱਲੋਂ ਕੀਤੀਆਂ ਕੁਰਬਾਨੀਆਂ ਸਾਡੇ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇ ਹਨ ਤੇ ਅੱਗੋਂ ਵੀ ਰਹਿਣਗੇ। ਸਰਵਰਕ, ਕਾਗਜ਼, ਸ਼ਬਦ ਜੋੜ, ਸੈਟਿੰਗ ਆਦਿ ਪ੍ਰਤਿਮਾਨਾਂ ਤੇ ਖਰੀ ਉਤਰਦੀ ਇਸ ਪੁਸਤਕ ਦਾ ਪੁਸਤਕੀ ਜਗਤ 'ਚ ਭਰਪੂਰ ਸੁਆਗਤ ਹੈ । ਅਜਿਹੇ ਉਪਰਾਲੇ ਲਈ ਲੇਖਕ ਵਧਾਈ ਦਾ ਹੱਕਦਾਰ ਹੈ।

❖ **ਮਨਿੰਦਰ ਸਿੰਘ ਸੋਨੀ**, 9891591206

# ਚਾਦਰ ਹਿੰਦ ਦੀ

ਆਨੰਦਪੁਰ ਪਾਵਨ ਧਰਤੀ ਉੱਤੇ, ਸਤਿਗੁਰ ਸੰਗਤ ਲਾਈ।
ਨੌ ਨਿਧਾਂ ਦੇ ਦਾਨੀ ਨੂੰ ਸਭ ਖ਼ਲਕਤ ਦੇਖਣ ਆਈ।
ਗੁਰ ਨਾਨਕ ਨੇ ਜਿਸ ਵਿਚ ਆਪਣੀ ਨੌਵੀਂ ਜੋਤ ਜਗਾਈ।
ਤੇਗ਼ ਬਹਾਦਰ ਨਾਮ ਸੁਣੀਂਦਾ, ਦਰਦਮੰਦਾਂ ਦਾ ਸਾਈਂ।

ਇੱਕ ਦਿਨ ਪੰਡਤ ਕੁੱਝ ਕਸ਼ਮੀਰੀ ਆਏ ਮਾਰਦੇ ਧਾਹਾਂ।
ਸਾਨੂੰ ਔਰੰਗ ਜੀਉਣ ਨਾ ਦੇਵੇ, ਭੱਜ ਗਈਆਂ ਨੇ ਬਾਹਾਂ।
ਤੇਰੇ ਦਰ ਤੇ ਆਏ ਹਾਂ ਸਤਿਗੁਰ, ਭਟਕ-ਭਟਕ ਦਰਗਾਹਾਂ।
ਧੀਆਂ ਭੈਣਾਂ ਨਹੀਂ ਸੁਰੱਖਿਅਤ, ਲੁੱਟਣ ਖਾ-ਮ-ਖਾਹਾਂ।

ਤਿਲਕ ਤੇ ਜੰਞੂ ਖ਼ਤਰੇ ਦੇ ਵਿਚ, ਸਾਡੀ ਲਾਜ ਬਚਾਓ।
ਜ਼ਾਲਮ ਸਾਡੇ ਮੂੰਹ ਵਿਚ ਥੁੱਕੇ, ਤਾਜੀ ਮੋੜ ਦਿਖਾਓ।
ਨਿਰਬਲ ਅਤੇ ਨਿਹੱਥੇ ਆਏ, ਤਰਸ ਸਾਡੇ ਤੇ ਖਾਓ।
ਹਿੰਦ ਦੀ ਚਾਦਰ ਬਣ ਕੇ ਸਤਿਗੁਰ, ਮੁਗ਼ਲਾਂ ਸਬਕ ਸਿਖਾਓ।

ਘੜਾ ਪਾਪ ਦਾ ਭਰ ਚੁਕਿਆ ਏ, ਰੱਜਿਆ ਨਾ ਪਰ ਪਾਪੀ।
ਕੋਈ ਕੁਰਬਾਨੀ ਕਰੂ ਪਵਿੱਤਰ, ਧਰਤੀ ਗਈ ਸਰਾਪੀ।
ਨਨ੍ਹੇ ਗੋਬਿੰਦ ਸਭ ਕੁੱਝ ਸੁਣਿਆ, ਆਏ ਮਾਰ ਛਪਾਕੀ।
ਦਿੱਲੀ ਦੇ ਵੱਲ ਤੋਰ ਰਹੇ ਨੇ, ਕਹਿ ਪਿਤਾ ਨੂੰ ਆਪ ਹੀ।

ਥੋਡੇ ਤੋਂ ਵੱਧ ਬ੍ਰਹਮ-ਗਿਆਨੀ, ਮੈਂ ਤੇ ਕੋਈ ਨਾ ਡਿੱਠਾ।
ਬਦਲਾ ਲੈ ਔਰੰਗਜ਼ੇਬ ਤੋਂ, ਖੋਲਾਂਗੇ ਕਾਲਾ ਚਿੱਠਾ।
ਖ਼ੂਨ ਬਹਾ ਕੇ ਤੁਸੀਂ ਪਿਤਾ ਜੀ, ਭੌਂ ਨੂੰ ਕਰ ਦਿਓ ਮਿੱਠਾ।
ਸਿਰੜ ਅਸਾਂ ਨੇ ਜਾਣ ਨੀ ਦੇਣਾ, ਹੰਕਾਰ ਕਰਾਂਗੇ ਗਿੱਠਾ।

ਗੱਲਾਂ ਸੁਣ ਰੂਹ ਗਦ-ਗਦ ਹੋਈ, ਲੱਗੇ ਕਰਨ ਤਿਆਰੀ।
ਤੇਗ਼ ਬਹਾਦਰ ਸੰਗਤ 'ਕੱਠੀ ਕਰ ਲਈ ਜਾਂਦੀ ਵਾਰੀ।
ਵਿਚ ਦਿਲਾਂ ਦੇ ਹੌਲ ਜਿਹਾ ਉੱਠਿਆ, ਰੋ ਪਈ ਸੰਗਤ ਸਾਰੀ।
ਬਿਰਹਾ ਦੇ ਵਿਚ ਤੜਪਣ ਲੱਗੀ, ਆਨੰਦਪੁਰ ਚਾਰਦਿਵਾਰੀ।

ਦਿੱਲੀ ਵਿਚ ਜਦ ਪਹੁੰਚੇ ਸਤਿਗੁਰ ਦੇਣ ਲਈ ਕੁਰਬਾਨੀ।
ਹਾਕਮ ਆਖੇ ਸਤਿਗੁਰ ਨੂੰ, ਤੂੰ ਮੰਨ ਲੈ ਹੁਣ ਜ਼ੁਬਾਨੀ।
ਐਵੇਂ ਆਪਣੀ ਜਾਨ ਗਵਾਉਨੈਂ, ਕੌਣ ਕਿਸੇ ਦਾ ਸਾਨੀ?
ਕਰ ਇਸਲਾਮ ਕਬੂਲ ਅਸਾਡਾ, ਮਾਣ ਲੈ ਇਹ ਜ਼ਿੰਦਗਾਨੀ।

ਗੱਜ ਕੇ ਆਖੇ ਸਤਗੁਰ ਉਸਨੂੰ, ਅਣਖ ਅਸਾਂ ਵਿਚ ਡਾਢੀ।
ਸਿਰੜ ਦੇਣ ਦੀ ਗੱਲ ਨਾ ਕਰਨਾ, ਕਰੋ ਸੀਸ ਦੀ ਵਾਢੀ।
ਤੱਕ ਕੇ ਉਹ ਨੂਰਾਨੀ ਚਿਹਰਾ, ਮਨ ਵਿਚ ਆਵੇ ਸ਼ਾਦੀ।
ਕਲਮ ਸੀਸ ਉਹ ਰੱਬ ਦਾ ਕਰਕੇ, ਲੱਗੇ ਕਰਨ ਬਰਬਾਦੀ।

ਜੈਤਾ ਜੀ ਚੱਕ ਸੀਸ ਗੁਰਾਂ ਦਾ ਆਨੰਦਪੁਰ ਸਾਹਿਬ ਪੁਚਾਇਆ।
ਲੱਖੀ ਸ਼ਾਹ ਧੜ ਸਾਂਭ ਗੁਰਾਂ ਦਾ ਘਰ ਨੂੰ ਲੇਖੇ ਲਾਇਆ।
ਮੁਗ਼ਲ ਰਾਜ ਵੀ ਡੋਲ ਗਿਆ ਗੁਰ ਐਸਾ ਖੇਡ ਵਰਤਾਇਆ।
ਦਿਵਗੁਣ, ਹਿੰਦ ਦੀ ਚਾਦਰ ਬਣ ਕੇ ਰੱਬ ਧਰਤੀ ਤੇ ਆਇਆ।

❖ ਰੋਮੀ ਦਿਵਗੁਣ
ਮੋ.: 9780784659

## ਕਿਸਾਨ ਸੰਘਰਸ਼ ਨੂੰ ਸਮਰਪਿਤ

# ਰੁਬਾਈਆਂ

ਤੇਰੇ ਗਰਦ ਗੁਬਾਰ ਦਾ ਭਾਵੇਂ ਅੰਬਰ ਚੜ੍ਹਿਆ ਨ੍ਹੇਰ,
ਖੱਫਣ ਬੰਨ੍ਹ ਕੇ ਤੁਰ ਪਏ ਕਿਰਤੀ ਲੈਂਦੀ ਦਿੱਲੀ ਘੇਰ।
ਨਾ ਪਰਖੀ ਤੂੰ ਸਬਰ ਇਨ੍ਹਾਂ ਦਾ ਇਹ ਸੁਨਾਮੀ ਲਹਿਰ,
ਪਹੁ-ਫੁਟਾਲਾ ਹੋਣ 'ਚ ਬਹੁਤੀ ਨਹੀਂ 'ਸੇਖਵਾਂ' ਦੇਰ।

ਵਿੱਢਿਆ ਜੋ ਸੰਘਰਸ਼ ਕਿਸਾਨਾਂ ਗੱਲ ਨਹੀਂ ਕੇਵਲ ਫ਼ਸਲਾਂ ਦੀ,
ਹੋਂਦ ਕਾਇਮ ਵੀ ਰੱਖਣੀ ਉਨ੍ਹਾਂ ਆਉਣ ਵਾਲੀਆਂ ਨਸਲਾਂ ਦੀ।
ਕੋਈ ਨਹੀਂ ਦਿੰਦਾ ਹੱਕ 'ਸੇਖਵਾਂ' ਹੱਕ ਤਾਂ ਖੋਣੇ ਪੈਂਦੇ ਨੇ,
ਸੱਚ ਦੇ ਮਾਰਗ ਚਲਦੇ ਚਲਦੇ ਕਰੋ ਨਾ ਚਿੰਤਾ ਰਫਲਾਂ ਦੀ।

ਜਿਨ੍ਹਾਂ ਦੇ ਜ਼ਿਹਨ ਰੌਸ਼ਨ ਨੇ ਤੇ ਅੱਖ ਵੀ ਬਾਜ ਦੀ ਹੁੰਦੀ,
ਉਹ ਚਾਤਰ ਹਾਕਮਾਂ ਨੂੰ ਜੇਬ ਆਪਣੀ ਟੋਹਣ ਨਹੀਂ ਦਿੰਦੇ।
ਕਰਨ ਜੋ ਫ਼ਖ਼ਰ ਆਪਣੇ ਤੇ ਜਿਨ੍ਹਾਂ ਦੀ ਹੋਂਦ ਵਿਚ ਦਮ ਹੈ,
ਉਹ ਖ਼ੁਦ ਨੂੰ 'ਸੇਖਵਾਂ' ਨਦੀਆਂ ਤੋਂ ਸਾਗਰ ਹੋਣ ਨਹੀਂ ਦਿੰਦੇ।

ਘੱਟ ਵਹੀਰਾਂ ਦਿੱਲੀ ਵਲ ਨੂੰ ਚੜ੍ਹੇ ਪੰਜਾਬੀ ਨੇ,
ਹਾਕਮ ਮੋਹਰੇ ਸੀਨੇ ਤਾਣ ਕੇ ਖੜੇ ਪੰਜਾਬੀ ਨੇ।
ਜਿੱਤ ਮੁੜੇ ਜਾਂ ਮਰ ਗਏ ਇਹ ਇਤਿਹਾਸ ਇਨ੍ਹਾਂ ਦਾ ਏ,
'ਸੇਖਵਾਂ' ਹੱਕ, ਸੱਚ ਲਈ ਸਮੇਂ-ਸਮੇਂ ਤੇ ਲੜੇ ਪੰਜਾਬੀ ਨੇ।

❖ ਜਸਵੰਤ ਸਿੰਘ 'ਸੇਖਵਾਂ'
ਮੋ.: 9818489010

# ਕਿਸਾਨ ਅੰਦੋਲਨ

ਕਿਸਾਨ ਦੇ ਅੰਦੋਲਨ ਦੀ ਤਾਂ ਕਮਾਲ ਹੋ ਗਈ
ਹਕੂਮਤ ਤਾਂ ਅੰਤਰਰਾਸ਼ਟਰੀ ਸੁਆਲ ਹੋ ਗਈ।
ਸਭ ਹੋਏ ਕੱਠੇ, ਬਰਕਤ ਏਕੇ ਦੀ ਸੁਗਾਤ ਹੋ ਗਈ
ਜਾਗਦੀ ਜ਼ਮੀਨ ਲਈ ਭੈੜੀ ਮਨ ਦੀ ਬਾਤ ਹੋ ਗਈ।
ਹਰ ਅੱਖਰ ਹਰ ਬਾਤ ਕਿਸਾਨ ਦੀ ਆਵਾਜ਼ ਹੋ ਗਈ
ਕਿਸਮਤ ਹਾਕਮ ਦੀ ਲਗਦੈ ਨਾਰਾਜ਼ ਹੋ ਗਈ।
ਹੱਦ ਹੋ ਗਈ ਨਾ ਜੀ ਹਦੋਂ ਹੀ ਵੱਧ ਹੋ ਗਈ
ਮਨ ਕੀ ਬਾਤ ਵਾਲੇ ਦੀ ਜ਼ਮੀਰ ਰੱਦ ਹੋ ਗਈ।
ਐਸਾ ਕੀਤਾ ਚੁੱਪ ਗੜੁੱਪ ਲਗਦੈ ਹੁਣ ਬੱਸ ਹੋ ਗਈ
ਦਿਮਾਗ਼ ਦੀ ਘੁੰਢੀ ਕਿਵੇਂ ਖੁੱਲੇ ਲਗਦੈ ਕੱਸ ਹੋ ਗਈ।
ਸੌ ਚੂਹੇ ਖਾ ਹੱਜ ਨਾ ਗਈ ਬਿੱਲੀ ਬੜੀ ਸ਼ਿਆਰ ਹੋ ਗਈ
ਬਿੱਲੀ ਗਲ ਬੰਨ੍ਹਤੀ ਘੰਟੀ ਸਮੱਸਿਆ ਸਿਰ ਸਵਾਰ ਹੋ ਗਈ।
ਜਿਹਦੇ ਜ਼ੁਬਾਂ ਤੇ ਫ਼ਤਿਹ ਉਹਦੀ ਹਰ ਮੈਦਾਨ ਫ਼ਤਿਹ
ਹੋਊ ਪੰਜਾਬੀਆਂ ਦੀ ਫ਼ਤਿਹ ਗੱਲ ਹਰ ਜ਼ੁਬਾਂ ਤੇ ਆਮ ਹੋ ਗਈ।

❖ ਭੁਪਿੰਦਰ ਕੌਰ 'ਕਵਿਤਾ'
ਮੋ.: 9888084503

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੯, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੦੧}

ਮੂਲ [ਵਡਹੰਸੁ ਮਹਲਾ ੩, ਛੰਤ ੪-੬] ਅਰਥ

**ਵਡਹੰਸੁ ਮਹਲਾ ੩॥ ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ॥ ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ॥ ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ॥ ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ॥ ਵਖਰੁ ਨਾਮੁ ਸਦਾ ਲਾਭੁ ਹੈ ਜਿਸਨੋ ਏਤੁ ਵਾਪਾਰਿ ਲਾਏ॥ ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ॥੧॥**

ਸਤਿਗੁਰੂ ਨੇ (ਇਹ ਗੱਲ) ਬੁਝਾ ਦਿੱਤੀ ਹੈ (ਕਿ ਸਭ ਤੋਂ) ਅਮੋਲਕ ਪਦਾਰਥ (=ਹਰੀ ਨਾਮ ਦਾ) ਵਪਾਰ ਕਰਨਾ ਚਾਹੀਦਾ ਹੈ। (ਇਸ ਵਪਾਰ ਦਾ) ਨਫ਼ਾ ਤੇ ਖੱਟੀ ਹਰੀ ਦੀ ਭਗਤੀ ਹੈ, (ਹਰੀ ਭਗਤੀ ਦੁਆਰਾ) ਗੁਣੀ (ਗੁਣਾਂ ਵਾਲੇ) ਹੋਕੇ (ਅਰਥਾਤ ਗੁਰਮੁਖ ਹੋ ਕੇ) ਗੁਣਾਂ ਵਿਚ ਸਮਾ ਜਾਈਦਾ ਹੈ। (ਹਾਂ) ਜਿਸ ਨੂੰ (ਪ੍ਰਭੂ) ਆਪ ਬੁਝਾਵੇ (ਉਹ) ਸੰਸਾਰ ਵਿਚ ਭਗਤੀ (ਰੂਪੀ) ਨਫ਼ਾ (ਕਮਾਉਂਦਾ ਹੈ ਉਹੀ) ਗੁਣੀ (ਹੋ ਕੇ ਭਗਵੰਤ ਦੇ) ਗੁਣਾਂ ਵਿਚ ਸਮਾ ਜਾਂਦਾ ਹੈ। ਭਗਤੀ ਤੋਂ ਬਿਨਾਂ ਸੁਖ ਨਹੀਂ ਹੁੰਦਾ, ਦੂਜੇ (ਮਾਇਆ ਵਿਚ ਲੱਗ ਕੇ) ਪਤਿ ਗੁਆਚ ਜਾਂਦਾ ਹੈ; (ਪਰ) ਗੁਰੂ ਦੀ ਮਤਿ (ਦੁਆਰਾ ਲੀਤਾ) ਨਾਮ ਆਸਰਾ (ਹੋ ਖੜੋਂਦਾ ਹੈ ਲੋਕ ਪ੍ਰਲੋਕ ਵਿਚ)। ਨਾਮ ਦਾ ਸੌਦਾ ਸਦਾ ਲਾਭਵੰਦਾ ਹੈ, (ਪਰ) ਜਿਸ ਨੂੰ ਇਸ ਵਪਾਰ ਵਿਚ (ਆਪ) ਲਾਏ (ਉਹ ਲਗਦਾ ਹੈ)। ਜਦੋਂ ਸਤਿਗੁਰੂ ਬੁਝਾ ਦੇਂਦੇ ਹਨ (ਤਦ ਇਹ) ਰਤਨ (=ਅਮੋਲਕ) ਪਦਾਰਥ ਵਣਜੀਦਾ ਹੈ॥੧॥

**ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ॥ ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ॥ ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੈ ਸੁਖੁ ਨ ਹੋਈ॥ ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ॥੨॥**

ਮਾਇਆ ਦਾ ਮੋਹ ਸਾਰਾ ਦੁਖ (ਰੂਪ) ਹੈ, (ਇਸ ਵਿਚ) ਝੂਠ ਬੋਲਕੇ ਵਿਹੁ ਖਾਣੀ ਹੁੰਦੀ ਹੈ, (ਜਿਸਤੋਂ ਹੋਰ) ਬਹੁਤੇ ਵਿਕਾਰ ਵਧਦੇ ਹਨ, (ਇਸ ਲਈ) ਇਹ ਵਪਾਰ ਖੋਟਾ ਹੈ। (ਇਕ ਤਾਂ ਕੂੜ ਨਾਲ ਹੋਰ) ਬਹੁਤੇ ਵਿਕਾਰ ਵਧਦੇ ਹਨ, (ਦੂਜੇ) ਇਹ ਸੰਸਾਰ ਸੰਸ਼ਜ ਰੂਪ ਹੈ, (ਭਾਵ ਮਨ ਦਾ ਸੁਭਾਵ ਸਥਿਰ ਨਹੀਂ, ਡੋਲਦਾ ਰਹਿੰਦਾ ਹੈ, ਨਾਮ ਨਾਲ ਸਹਸਾ ਹਟਦਾ ਹੈ, ਸੋ) ਨਾਮ ਤੋਂ ਹੀਣੇ ਰਹਿ ਕੇ (ਜੀਵਾਂ ਨੇ ਪਰਲੋਕ ਦੀ) ਪਤਿ ਗੁਆ ਲਈ ਹੈ। (ਜੇ ਕਹੋ ਕਿ ਪੜ੍ਹਕੇ ਮਨ ਡੋਲਣੋ ਹਟ ਜਾਂਦਾ ਹੈ ਤਾਂ ਦੇਖ ਲਓ ਕਿ) ਪੰਡਤ (ਲੋਕ) ਪੜ੍ਹ ਪੜ੍ਹ ਕੇ ਝਗੜੇ (ਹੀ) ਕਰਦੇ ਹਨ, (ਕਿਉਂਕਿ ਓਹ ਪੜ੍ਹਕੇ) ਬੁੱਝਦੇ ਨਹੀਂ (ਤੇ ਬੁੱਝੇ ਬਿਨਾ) ਸੁੱਖ ਨਹੀਂ ਹੁੰਦਾ। ਜਨਮ ਮਰਨ ਉਹਨਾਂ ਦਾ ਕਦੇ ਮੁੱਕਦਾ ਨਹੀਂ (ਕਿਉਂਕਿ ਉਹਨਾਂ ਨੂੰ) ਮਾਇਆ ਮੋਹ ਦਾ ਪਿਆਰ ਹੈ। ਮਾਇਆ ਦਾ ਮੋਹ ਸਭ ਦੁਖ ਰੂਪ ਹੈ (ਕਿਉਂਕਿ ਜਨਮ ਮਰਨ ਦਾ ਦੁੱਖ ਬਣਾਈ ਰਖਦਾ ਹੈ, ਇਸ ਲਈ) ਇਹ ਵਪਾਰ ਖੋਟਾ ਹੈ॥੨॥

**ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥ ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥ ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ॥ ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ॥ ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥ ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ॥੩॥**

ਉਸ ਸੱਚੇ (ਵਾਹਿਗੁਰੂ) ਦੇ ਦਰਬਾਰ ਵਿਚ ਖੋਟੇ ਖਰੇ ਸਾਰੇ ਪਰਖੇ ਜਾਂਦੇ ਹਨ। ਖੋਟੇ ਦਰਗਾਹ ਵਿਚ ਪਰੇ ਧੱਕੇ ਜਾਂਦੇ ਹਨ, (ਭਾਵ ਰੱਦੇ ਜਾਂਦੇ ਹਨ ਤੇ ਪਰੇ) ਖੜੇ ਪਏ ਪੁਕਾਰਾਂ ਕਰਦੇ ਹਨ, (ਭਾਵ ਵਿਲਪਦੇ ਹਨ, ਸੋ) ਮੂਰਖ ਤੇ ਗਵਾਰ ਮਨਮੁਖ ਜਨਮ ਬਿਰਥਾ ਗੁਆ ਕੇ (ਓਥੇ) ਖੜੇ ਪਏ ਵਿਲਪਦੇ ਹਨ। (ਉਹ) ਮਾਯਾ ਜ਼ਹਿਰ ਹੈ, ਜਿਸ ਨੇ ਜਗਤ ਨੂੰ ਭੁਲੇਵੇਂ ਵਿਚ ਪਾ ਰਖਿਆ ਹੈ, (ਇਸ ਨੂੰ ਇਸੇ ਕਰਕੇ) ਸਚਾ ਨਾਮ ਨਹੀਂ ਭਾਉਂਦਾ। (ਫਿਰ ਦੇਖੋ) ਮਨਮੁਖ ਸੰਤਾਂ ਨਾਲ ਵੈਰ ਕਰਕੇ ਸੰਸਾਰ ਵਿਚ (ਹੋਰ) ਦੁਖ ਖੱਟ ਲੈਂਦਾ ਹੈ, (ਪਰ ਨਹੀਂ ਸਮਝਦਾ ਕਿ) ਉਸ ਸੱਚੇ ਦਰਬਾਰ ਵਿਚ ਖੋਟੇ ਖਰੇ ਸਭ ਪਰਖੇ ਜਾਂਦੇ ਹਨ॥੩॥

**ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ॥ ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ॥ ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ॥ ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ॥ ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ॥੪॥੪॥**

(ਉਹ) ਆਪ ਕਰਦਾ ਹੈ, ਕਿਸ ਨੂੰ (ਕੁਛ) ਕਹੀਏ, (ਕਿਸੇ ਤੋਂ) ਹੋਰ ਕੁਛ ਕੀਤਾ ਜਾ ਨਹੀਂ ਸਕਦਾ। ਜਿਧਰ (ਉਸ ਨੂੰ), ਭਾਵੇ (ਉਹ) ਉਧਰ ਲਾਵੇਗਾ ਜਿਵੇਂ ਉਸ ਦੀ ਵਡਿਆਈ ਹੈ। ਜਿਵੇਂ ਉਸ ਦੀ ਵਡਿਆਈ ਹੈ (ਉਹ) ਆਪ ਕਰਾਉਂਦਾ ਹੈ, (ਆਪੂੰ) ਸੂਰਮਾ ਯਾ ਕਾਇਰ ਕੋਈ ਨਹੀਂ। ਉਹ ਜਗਤ ਨੂੰ ਜੀਵਨ ਦੇਣ ਵਾਲਾ ਦਾਤਾ ਕਰਮਾਂ ਦਾ ਫਲ ਪ੍ਰਦਾਤਾ ਬੀ ਹੈ, ਤੇ ਬਖ਼ਸ਼ਣ ਵਾਲਾ ਬੀ ਆਪ ਹੈ। (ਸੋ ਰਾਹ ਇਹ ਹੈ ਕਿ) ਗੁਰੂ ਦੀ ਕ੍ਰਿਪਾ ਦੁਆਰਾ ਆਪਾ (=ਹੰਕਾਰ) ਗੁਆ ਲਈਏ (ਤੇ ਨਾਮ ਪ੍ਰਾਪਤ ਕਰੀਏ) ਹੇ ਨਾਨਕ! ਨਾਮ ਦੁਆਰਾ (ਹੀ) ਪਤਿ ਪ੍ਰਾਪਤ ਕਰੀਦੀ ਹੈ। (ਉਹ) ਆਪ ਕਰਦਾ ਹੈ ਕਿਸਨੂੰ ਕਹੀਏ (ਕਿਸੇ ਤੋਂ) ਹੋਰ ਕੁਛ ਕੀਤਾ ਜਾ ਨਹੀਂ ਸਕਦਾ॥੪॥੪॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]


# ਮਹਿੰਦਰਪਾਲ ਸਿੰਘ ਧਾਲੀਵਾਲ ਦੇ ਨਾਵਲ 'ਸੋਫੀਆ' ਤੇ ਹੋਈ ਚਰਚਾ

ਨਵੀਂ ਦਿੱਲੀ, 18 ਦਸੰਬਰ 2020 : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਮਹੀਨਾਵਾਰ ਪੁਸਤਕ ਚਰਚਾ ਦੇ ਪ੍ਰੋਗਰਾਮ ਤਹਿਤ ਇਸ ਵਾਰ ਮਹਿੰਦਰਪਾਲ ਸਿੰਘ ਧਾਲੀਵਾਲ ਦੇ ਨਾਵਲ ਸੋਫੀਆ ਦੇ ਉਪਰ ਚਰਚਾ ਕੀਤੀ ਗਈ। ਇਸ ਨਾਵਲ ਦੇ ਉਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫ਼ੈਸਰ ਡਾ. ਗੁਰਮੁਖ ਸਿੰਘ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਅਸਿਸਟੈਂਟ ਪ੍ਰੋਫ਼ੈਸਰ ਡਾ. ਪ੍ਰਵੀਨ ਕੁਮਾਰ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਰਵੇਲ ਸਿੰਘ ਨੇ ਲੇਖਕ ਤੇ ਵਕਤਿਆਂ ਬਾਰੇ ਜਾਣ-ਪਛਾਣ ਕਰਾਈ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ ਆਇਆਂ ਕਹਿੰਦਿਆਂ ਸਦਨ ਦੀਆਂ ਪਿਛਲੇ ਵਰ੍ਹੇ ਤੋਂ ਚਲ ਰਹੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਨਾਲ ਹੀ ਦਲੀਪ ਸਿੰਘ ਅਤੇ ਸੋਫੀਆ ਬਾਰੇ ਸੰਖਿਪਤ ਜਾਣਕਾਰੀ ਵੀ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਸ ਵਿਸ਼ੇ ਤੇ ਮਾਈਕਲ ਅਲੈਕਜ਼ੈਂਡਰ ਅਤੇ ਸੁਸ਼ੀਲਾ ਆਨੰਦ ਰਾਹੀਂ ਲਿਖਿਤ ਪੁਸਤਕ *Queen Victoria's Maharajah (Duleep Singh 1838-93)* ਵੀ ਪੜ੍ਹੀ ਹੈ ਤੇ ਪੰਜ ਸਾਲ ਪਹਿਲਾਂ ਅਨੀਤਾ ਆਨੰਦ ਦੀ ਪੁਸਤਕ *Sophia: Princess, Suffragette, Revolutionary* ਵੀ ਪੜ੍ਹੀ ਹੈ। ਉਹਨਾਂ ਦਾ ਕਹਿਣਾ ਸੀ ਕਿ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਅਤੇ ਆਖ਼ਿਰੀ ਸਿੱਖ ਮਹਾਰਾਜਾ ਹੋਣ ਕਰਕੇ, ਜਵਾਨੀ ਵਿਚ ਛੇ ਬੱਚਿਆਂ ਦਾ ਪਿਤਾ ਮਹਾਰਾਜਾ ਦਲੀਪ ਸਿੰਘ ਨੂੰ ਆਪਣੇ ਆਪ ਤੇ ਸੰਜਮ ਰੱਖਣਾ ਚਾਹੀਦਾ ਸੀ। ਉਸਦੇ ਜੀਵਨ ਦੇ ਮਗਰਲੇ ਵੇਰਵੇ ਵੀ ਵਧੇਰੇਕਰ ਇਕ ਨਾਂਮੁਖੀ ਕਿਰਦਾਰ ਦੀ ਬਣਤਰ ਹੀ ਘੜਦੇ ਹਨ। ਡਾ. ਗੁਰਮੁਖ ਸਿੰਘ ਨੇ ਨਾਵਲ ਸੋਫੀਆ ਦੀ ਗੱਲ ਕਰਦਿਆਂ ਇਸ ਵਿਸ਼ੇ ਤੇ ਅਨੀਤਾ ਆਨੰਦ ਵੱਲੋਂ ਲਿਖੀ ਇਕ ਵੱਡਅਕਾਰੀ ਪੁਸਤਕ *Sophia : Princess, Suffragette, Revolutionary* ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਵੇਂ ਇਸ ਲੇਖਕ ਨੇ ਇਸ ਪੁਸਤਕ ਨੂੰ ਲਿਖਣ ਲਈ 80 ਤੋਂ ਵੱਧ ਪੁਸਤਕਾਂ ਪੜ੍ਹੀਆਂ ਸਨ। ਉਪਰੰਤ ਉਨ੍ਹਾਂ ਮਹਿੰਦਰਪਾਲ ਦੀ ਪੁਸਤਕ ਸੋਫੀਆ ਤੇ ਚਰਚਾ ਕਰਦਿਆਂ ਇਸਦੀ ਕਥਾ ਨੂੰ ਆਪਣੀ ਧਰਤੀ ਨਾਲ ਸੰਬੰਧਾਂ ਦੀ ਜਟਿਲਤਾ ਅਤੇ ਤੀਬਰ ਭਾਵਨਾਵਾਂ ਦਾ ਪ੍ਰਗਟਾਓ ਕਿਹਾ। ਉਹਨਾਂ ਦਲੀਪ ਸਿੰਘ ਤੋਂ ਗੱਲ ਸ਼ੁਰੂ ਕਰਦਿਆਂ ਨਾਵਲ ਵਿਚ ਪੇਸ਼ ਹੋਏ ਸੋਫੀਆ ਦੇ ਇੰਗਲੈਂਡ ਦੇ ਮੁੱਢਲੇ ਜੀਵਨ ਤੋਂ ਪੰਜਾਬ 'ਚ ਗੁਜ਼ਾਰੇ ਰਚਨਾਤਮਕ ਪਲਾਂ ਦੇ ਬਿਰਤਾਂਤ ਨੂੰ ਪਾਠਕਾਂ ਨਾਲ ਸਾਂਝਾ ਕੀਤਾ। ਡਾ. ਪ੍ਰਵੀਨ ਕੁਮਾਰ ਨੇ ਨਾਵਲ ਦੇ ਸਿਧਾਂਤਕ ਸਰੋਕਾਰਾਂ ਦੀ ਗੱਲ ਕਰਦਿਆਂ ਇਸ ਦੀ ਵਿਲੱਖਣਤਾ ਅਤੇ ਮੌਜੂਦਾ ਸਮੇਂ ਇਸਦੀ ਪ੍ਰਸੰਗਿਕਤਾ ਨੂੰ ਉਘਾੜਿਆ। ਉਨ੍ਹਾਂ ਅਨੁਸਾਰ ਆਪਣਿਆਂ ਸਮਿਆਂ 'ਚ ਸਫਰਜੈਟ ਅੰਦੋਲਨ ਦੌਰਾਨ ਔਰਤਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੀ ਸੋਫੀਆ ਦੇ ਜੀਵਨ ਤੋਂ ਸਾਨੂੰ ਔਰਤ ਸ਼ਕਤੀ ਦੇ ਬਹੁ ਪਾਸਾਰਾਂ ਦੀ ਝਲਕ ਦੇ ਨਾਲ-ਨਾਲ ਵਿਰਸੇ ਅਤੇ ਪੁਰਖਿਆਂ ਦੀ ਭੂਮੀ ਨਾਲ ਜੁੜਾਓ ਵੀ ਦੇਖਣ ਨੂੰ ਮਿਲਦਾ ਹੈ। ਉਨਾਂ ਅਨੁਸਾਰ ਇਨ੍ਹਾਂ ਸਭ ਗੱਲਾਂ ਦਾ ਜ਼ਿਕਰ ਉੱਪਰ ਵਰਣਿਤ ਅਨੀਤਾ ਆਨੰਦ ਦੀ ਪੁਸਤਕ ਵਿਚ ਭਲੀ ਪ੍ਰਕਾਰ ਹੋਇਆ ਹੈ। ਇਸ ਤੋਂ ਬਾਅਦ ਨਾਵਲਕਾਰ ਮਹਿੰਦਰਪਾਲ ਸਿੰਘ ਧਾਲੀਵਾਲ ਨੇ ਪੁਸਤਕ ਦੇ ਪ੍ਰੇਰਨਾ ਸਰੋਤਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹਨਾਂ ਦੇ ਇਸ ਨਾਵਲ ਨੂੰ ਲਿਖਣ ਦਾ ਮਕਸਦ ਸੋਫੀਆ ਦੇ ਕਿਰਦਾਰ ਨੂੰ ਉਭਾਰਨਾ ਸੀ ਜਿਸਦੀ ਚਰਚਾ ਪੱਛਮ ਦੀਆਂ ਲਿਖਤਾਂ 'ਚ ਕਾਫ਼ੀ ਹੋਈ ਹੈ ਪਰ ਇੱਥੇ ਖ਼ਾਸਕਰ ਪੰਜਾਬੀ 'ਚ ਸੋਫੀਆ ਬਾਰੇ ਜ਼ਿਕਰ ਨਾਂ-ਮਾਤਰ ਹੀ ਹੋਇਆ ਹੈ। ਅਖ਼ੀਰ 'ਚ ਡਾ. ਮਹਿੰਦਰ ਸਿੰਘ ਨੇ ਦਲੀਪ ਸਿੰਘ ਅਤੇ ਸੋਫੀਆਂ ਬਾਰੇ ਆਧੁਨਿਕ ਪਰਿਪੇਖ 'ਚ ਹੋਈ ਚਰਚਾ ਨੂੰ ਮੁੱਲਵਾਨ ਦੱਸਦਿਆਂ ਇਸ ਆਨਲਾਈਨ ਚਰਚਾ 'ਚ ਸ਼ਾਮਲ ਵਕਤਿਆਂ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧ ✧


**ਮਹਿੰਦਰਪਾਲ ਸਿੰਘ ਧਾਲੀਵਾਲ**


**ਡਾ. ਗੁਰਮੁਖ ਸਿੰਘ**


**ਡਾ. ਪ੍ਰਵੀਨ ਕੁਮਾਰ**


**ਡਾ. ਮਹਿੰਦਰ ਸਿੰਘ**


**ਡਾ. ਰਵੇਲ ਸਿੰਘ**